# ਪੰਜਾਬੀ ਇਤਿਹਾਸਕ ਨਾਵਲ (ਨਾਵਲ ਤਾਰਾ ਸਿੰਘ ਕਾਬਲੀ ਦੇ ਸੰਦਰਭ ਵਿਚ)

**ਡਾ. ਪ੍ਰਿਥਵੀ ਰਾਜ ਥਾਪਰ**
ਐਸੋਸੀਏਟ ਪ੍ਰੋਫੈਸਰ
ਦਿਆਲ ਸਿੰਘ (ਈ.) ਕਾਲਜ, ਦਿੱਲੀ

ਪੰਜਾਬੀ ਵਿਚ ਵਧੇਰੇ ਇਤਿਹਾਸਕ ਨਾਵਲ ਧਾਰਮਕ ਪ੍ਰਵਿਰਤੀਆਂ ਅਧੀਨ ਲਿਖੇ ਗਏ ਹਨ।ਇਨ੍ਹਾਂ ਨਾਵਲ ਵਿਚ ਦੇਸ਼-ਕਾਲ ਦੇ ਵਰਣਨ ਤੋਂ ਇਲਾਵਾ ਧਾਰਮਕ ਤੇ ਇਤਿਹਾਸਕ ਗੌਰਵ ਵੀ ਬਿਆਨ ਕੀਤਾ ਜਾਂਦਾ ਹੈ।ਇਤਿਹਾਸਕ ਨਾਵਲਾਂ ਵਿਚ ਪ੍ਰੇਰਨਾ ਦੇ ਅੰਸ਼ ਮੌਜੂਦ ਹੁੰਦੇ ਹਨ।ਨਾਵਲਕਾਰ ਭੁੱਲੀਆਂ-ਵਿਸਰੀਆਂ ਕਦਰਾਂ-ਕੀਮਤਾਂ ਨੂੰ ਮੁੜ - ਸੁਰਜੀਤ ਕਰਨ ਦੇ ਆਹਰ ਵਿਚ ਹੁੰਦਾ ਹੈ।ਪੰਜਾਬੀ ਵਿਚ ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਚਰਨ ਸ਼ਿੰਘ ਸ਼ਹੀਦ, ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਹਰਨਾਮ ਦਾਸ ਸਹਿਰਾਈ, ਸੋਹਣ ਸਿੰਘ ਸੀਤਲ, ਹਰੀ ਸਿੰਘ ਦਿਲਬਰ, ਨਰਿੰਦਰਪਾਲ ਸਿੰਘ, ਗਿਆਨੀ ਤ੍ਰਿਲੋਕ ਸਿੰਘ ਅਤੇ ਸਾਧੂ ਸਿੰਘ ਹਮਦਰਦ ਨੇ ਇਤਿਹਾਸਕ ਨਾਵਲਾਂ ਦੀ ਰਚਨਾ ਕੀਤੀ ਹੈ।ਇਤਿਹਾਸਕ ਨਾਵਲਾਂ ਵਿਚ ਨਾਨਕ ਸਿੰਘ ਦੇ ਨਾਵਲ ਇਕਮਿਆਨ ਦੋ ਤਲਵਾਰਾਂ' ਸੁਰਿੰਦਰ ਸਿੰਘ ਨਰੂਲਾ ਦੇ ਅਲੂਣੀ ਸਿੱਲ੍ਹ', ਨਰਿੰਦਰਪਾਲ ਸਿੰਘ ਦੇ 'ਸੈਨਾਪਤੀ', ਖੰਨਿਉਂ ਤਿੱਖੀ ਵਾਲੋਂ ਨਿੱਕੀ' ਅਤੇ 'ਏਤਿ ਮਾਰਗ ਜਾਣਾ', ਹਰਨਾਮ ਦਾਸ ਸਹਿਰਾਈ ਦੇ ਨਾਵਲ 'ਸਭਰਾਉਂ', 'ਅਨੂਪ ਕੌਰ' ਅਤੇ ਲੋਹਗੜ੍ਹ' ਇਤਿਹਾਸਕ ਦ੍ਰਿਸ਼ਟੀ ਤੋਂ ਲਿਖੇ ਗਏ ਨਾਵਲ ਹਨ।ਇੰਞ ਪੰਜਾਬੀ ਵਿਚ ਇਤਿਹਾਸਕ ਨਾਵਲ ਦੀ ਸਿਰਜਨਾ ਦਾ ਸਿਲਸਿਲਾ ਬਾਅਦ ਸਤੂਰ ਜਾਰੀ ਹੈ।ਇਸੇ ਲੜੀ ਵਿਚ ਕਮਾਂਡਰ ਗੁਰਨਾਮ ਸਿੰਘ ਦਾ ਨਾਵਲ ਤਾਰਾ ਸਿੰਘ ਕਾਬੁਲੀ' ਇਕ ਹੋਰ ਵਾਧਾ ਹੈ।

ਨਾਵਲ ਤਾਰਾ ਸਿੰਘ ਕਾਬੁਲੀ' (2017) ਕਮੋਡੋਰ ਗੁਰਨਾਮ ਸਿੰਘ ਦੀ ਇਕ ਮਹੱਤਵ ਪੂਰਨ ਰਚਨਾ ਹੈ।ਕਮੋਡੋਰ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ।ਪਰ ਪੰਜਾਬੀ ਵਿਚ ਅਸੀਂ ਇਸ ਨੂੰ ਕਮਾਂਡਰ ਕਹਿੰਦੇ ਹਾਂ। ਕਮਾਂਡਰ ਗੁਰਨਾਮ ਸਿੰਘ ਨੇ ਇਸ ਨਾਵਲ ਨੂੰ ਇਕ ਇਤਿਹਾਸਕ ਨਾਵਲ' ਕਹਿ ਕੇ ਪੇਸ਼ ਕੀਤਾ ਹੈ। ਦਰਅਸਲ ਇਸ ਨਾਵਲ ਦੇ ਕਈ ਪੱਖ ਹਨ।ਇਸ ਲਈ ਇਸ ਰਚਨਾ ਨੂੰ ਬਹੁ-ਪਾਸਾਰੀ ਰਚਨਾ ਦੇ ਰੂਪ ਵਿਚ ਵਾਚਣ ਦੀ ਵੀ ਲੋੜ ਹੈ।ਡਾਇਰੀ ਪੜ੍ਹਨ ਦੀ ਵਿਧੀ ਉੱਪਰ ਆਧਾਰਿਤ ਇਹ ਇਕ ਮਹਾਂਕਾਵਿ ਪੱਧਰ ਦਾ ਨਾਵਲ ਹੈ।ਇਸ ਦੇ ਕਥਾਨਕ ਵਿਚ ਦੋ ਵਿਅਕਤੀਆਂ ਦੀਆਂ ਡਾਇਰੀਆਂ ਪੇਸ਼ ਹੋਈਆਂ ਹਨ।ਭਾਵ ਦੋ ਸਮਾਨਾਂਤਰ ਕਥਾਨਕ ਹਨ।ਨਾਵਲ ਵਿਚ ਅੱਗੇ ਚੱਲ ਕੇ ਇਨ੍ਹਾਂ ਦੇ ਅੰਤਰ ਸੰਬੰਧਾਂ ਨੂੰ ਉਭਾਰਿਆ ਗਿਆ ਹੈ।ਇਹ ਕਥਾਵਾਂ ਹਨ - ਇਕ ਤਾਰਾ ਸਿੰਘ ਕਾਬੁਲੀ ਦੀ ਤੇ ਦੂਜੀ ਵਿਕਟੋਰੀਆ ਸਕੌਟ ਦੀ।ਇਨ੍ਹਾਂ ਡਾਇਰੀਆਂ ਵਿਚੋਂ ਉਨ੍ਹਾਂ ਦੇ ਸਮੇਂ ਦੇ ਹਾਲਾਤ, ਇਕ ਦੂਜੇ ਦੇ ਕਿਰਦਾਰ ਅਤੇ ਸੰਘਰਸ਼ ਦੀ ਦਾਸਤਾਨ ਬਾਖ਼ੂਬੀ ਬਿਆਨ ਹੁੰਦੀ ਹੈ।ਨਾਵਲ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਦੋਵੇਂ ਕਿਰਦਾਰ ਸਰੀਰਕ

ਰੂਪ ਵਿਚ ਗ਼ੈਰਹਾਜ਼ਰ ਹੋ ਕੇ ਵੀ ਨਾਵਲ ਦੇ ਕਥਾਨਕ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਾਉਂਦੇ ਹਨ।ਨਾਵਲਕਾਰ ਦੀ ਇੱਛਾ ਡਾਇਰੀਆਂ ਦਾ ਸਮਾਨਾਂਤਰ ਅਧਿਐਨ ਕਰਨ ਦੀ ਹੈ।ਉਹ ਇਸ ਕਾਰਜ ਨੂੰ ਇਕ ਪ੍ਰੋਜੈਕਟ ਵਾਂਗ ਲੈਂਦਾ ਹੈ।ਉਸ ਲਈ ਸਭ ਤੋਂ ਵੱਡੀ ਚੁਣੌਤੀ ਤਾਰਾ ਸਿੰਘ ਦੀਆਂ ਡਾਇਰੀਆਂ ਦਾ ਫ਼ਾਰਸੀ ਭਾਸ਼ਾ ਵਿਚ ਹੋਣਾ ਹੈ।ਉਹ ਇਨ੍ਹਾਂ ਨੂੰ ਦਿੱਲੀ ਦੇ ਇਕ ਪ੍ਰੋਫ਼ੈਸਰ ਦੀ ਮਦਦ ਨਾਲ ਅੰਗਰੇਜ਼ੀ ਵਿਚ ਉਲਥਾਉਂਦਾ ਹੈ।ਨਾਲ ਹੀ ਆਪ ਵੀ ਫ਼ਾਰਸੀ ਸਿੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਤਾਰਾ ਸਿੰਘ ਤੇ ਵਿਕਟੋਰੀਆ ਸਕੌਟ ਦੇ ਸਮੇ ਦਾ ਇਤਿਹਾਸ ਵੀ ਪੜ੍ਹਦਾ ਹੈ।

ਹੱਥਲੇ ਨਾਵਲ ਵਿਚ ਨਾਵਲਕਾਰ ਦਾ ਮੁੱਖ ਮਕਸਦ ਤਾਰਾ ਸਿੰਘ ਨੂੰ ਇਕ ਇਤਿਹਾਸਕ ਵਿਅਕਤੀ ਸਥਾਪਤ ਕਰਨਾ ਹੈ।ਇਸ ਲਈ ਉਹ ਉਸ ਨੂੰ ਇਕ ਨਾਇਕ ਵਜੋਂ ਉਭਾਰਦਾ ਹੈ।ਆਪਣੇ ਇਸ ਜਤਨ ਵਿਚ ਉਹ ਸਫ਼ਲ ਹੁੰਦਾ ਵੀ ਜਾਪਦਾ ਹੈ।ਉਸ ਦੀ ਸਮਾਨਾਂਤਰ ਡਾਇਰੀ ਪੜ੍ਹਨ ਦੀ ਵਿਧੀ ਇਸ ਵਿਚ ਉਸ ਦੀ ਮਦਦ ਕਰਦੀ ਹੈ।ਤਾਰਾ ਸਿੰਘ ਦੀ ਡਾਇਰੀ ਵਿਚ ਦਿੱਤੇ ਵੇਰਵਿਆਂ ਦੀ ਪੁਸ਼ਟੀ ਉਹ ਵਿਕਟੋਰੀਆ ਸਕੌਟ ਦੀਆਂ ਡਾਇਰੀਆਂ ਦੇ ਹਵਾਲੇ ਨਾਲ ਕਰਦਾ ਹੈ।ਨਾਵਲ ਦੀ ਕਹਾਣੀ ਤਾਰਾ ਸਿੰਘ ਕਾਬੁਲੀ ਦੇ ਇਰਦ-ਗਿਰਦ ਘੁੰਮਦੀ ਹੈ।ਕਿਧਰੇ ਓਸ ਦਾ ਸਿੱਧੇ ਤੇ ਕਿਧਰੇ ਅਸਿੱਧੇ ਰੂਪ ਵਿਚ ਜ਼ਿਕਰ ਹੁੰਦਾ ਹੈ।

ਕਮਾਂਡਰ ਗੁਰਨਾਮ ਸਿੰਘ ਨੇ ਇਸ ਨਾਵਲ ਨੂੰ ਕੁੱਲ ਤੇਈ ਕਾਂਡਾਂ ਵਿਚ ਪੇਸ਼ ਕੀਤਾ ਹੈ।ਨਾਵਲ ਦੀ ਸ਼ੁਰੂਆਤ 'ਸੁਪਰਦਦਾਰੀ ਦਾ ਸਾਈਕਲ' ਕਾਂਡ ਰਾਹੀਂ ਬੜੇ ਨਾਟਕੀ ਅੰਦਾਜ਼ ਵਿਚ ਹੁੰਦੀ ਹੈ।ਨਾਵਲਕਾਰ ਨੇ ਨਾਵਲ ਵਿਚ ਉੱਤਮ-ਪੁਰਖੀ 'ਮੈਂ' ਪਾਤਰ ਦੀ ਸਿਰਜਨਾ ਕੀਤੀ ਹੈ ਜੋ ਕਿ ਨਾਵਲਕਾਰ ਆਪ ਹੈ।ਇਹ ਪਾਤਰ ਇਕ ਸੂਤਰਧਾਰ ਦਾ ਕੰਮ ਕਰਦਾ ਹੈ।ਉਹ ਮੁੱਢ ਤੋਂ ਲੈ ਕੇ ਅੰਤ ਤੱਕ ਕਹਾਣੀ ਦੇ ਨਾਲ-ਨਾਲ ਵਿਚਰਦਾ ਵਿਖਾਈ ਦਿੰਦਾ ਹੈ।ਉਹ ਦੋਵਾਂ ਡਾਇਰੀਆਂ ਦੀ ਕਹਾਣੀ ਸੁਣਾਉਣ ਦੀ ਵਿਧੀ ਰਾਹੀ ਬਿਰਤਾਂਤ ਨੂੰ ਅੱਗੇ ਤੋਰਦਾ ਹੈ।ਉਸ ਦਾ ਸਾਈਕਲ ਚੋਰੀ ਹੋਣ ਦੀ ਘਟਨਾਂ ਨਾਵਲ ਦੇ ਮੁੱਖ ਵਿਸ਼ੇ ਦਾ ਬੀਜ ਰੂਪ ਹੋ ਨਿਬੜਦੀ ਹੈ।ਨਾਵਲਕਾਰ ਦਾ ਸਾਈਕਲ ਚੋਰੀ ਹੋਣ, ਉਸ ਦੀ ਸ਼ਿਕਾਇਤ ਕਰਨ ਅਤੇ ਸਰਾਂ ਅਮਾਨਤ ਖਾਂ ਪਿੰਡ ਤੋਂ ਇਕ ਕੈਦੀ ਜੀਤ ਸਿੰਘ ਖ਼ਿਲਾਫ਼ ਝੂਠੀ ਗਵਾਹੀ ਤੋਂ ਇਨਕਾਰ ਕਰਨ ਦੀਆਂ ਘਟਨਾਵਾਂ ਮੂਲ ਘਟਨਾਕ੍ਰਮ ਨੂੰ ਜਨਮ ਦਿੰਦੀਆਂ ਹਨ।ਦਰਅਸਲ ਪੁਲਿਸ 'ਮੈਂ' ਪਾਤਰ ਦੀ ਗਵਾਹੀ ਨਾਲ ਸਾਈਕਲ ਚੋਰੀ ਦਾ ਇਲਜ਼ਾਮ ਇਕ ਕੈਦੀ ਜੀਤ ਸਿੰਘ ਉੱਪਰ ਮੜ੍ਹਨਾ ਚਾਹੁੰਦੀ ਹੈ।ਪਰ ਉਹ ਜੀਤ ਸਿੰਘ ਖ਼ਿਲਾਫ਼ ਪੁਲਿਸ ਦੇ ਬੁਣੇ ਜਾਲ ਵਿਚ ਨਹੀਂ ਫਸਦਾ।ਉਹ ਉਸ ਨੂੰ ਪਛਾਣਨ ਤੋਂ ਇਨਕਾਰ ਕਰ ਦਿੰਦਾ ਹੈ।ਇਸ ਤਰ੍ਹਾਂ 'ਮੈਂ' ਪਾਤਰ ਜੀਤ ਸਿੰਘ ਨੂੰ ਬਚਾ ਲੈਂਦਾ ਹੈ।ਇਥੇ ਮੈਂ ਪਾਤਰ ਦੀ ਦਿਆਨਤਦਾਰੀ ਅਤੇ ਭ੍ਰਿਸ਼ਟ ਪੁਲਿਸ ਪ੍ਰਬੰਧ ਦਾ ਪਤਾ ਲਗਦਾ ਹੈ।

ਉੱਤਮ-ਪੁਰਖੀ ਪਾਤਰ ਦੇ ਉਪਰੋਕਤ ਕਰਮ ਦਾ ਜੀਤ ਸਿੰਘ ਦੀ ਮਾਂ ਉੱਪਰ ਸਾਕਾਰਾਤਮਕ ਅਸਰ ਹੁੰਦਾ ਹੈ। ਇਹ ਗੱਲ ਤਾਰਾ ਸਿੰਘ ਨਾਲ ਜਾਣ -ਪਛਾਣ ਵਾਲੇ ਕਾਂਡ ਵਿਚ ਸਪਸ਼ਟ ਹੁੰਦੀ ਹੈ।ਜੀਤ ਸਿੰਘ ਦੀ ਮਾਂ ਦੀ ਉੱਤਮ-ਪੁਰਖੀ ਪਾਤਰ ਨਾਲ ਇਕ ਬੈਂਕ ਵਿਚ ਮੁਲਾਕਾਤ ਹੁੰਦੀ ਹੈ।ਉਹ ਉਸ ਉੱਪਰ ਵਿਸ਼ਵਾਸ ਕਰਕੇ ਉਸ ਨੂੰ ਇਕ ਸੰਦੂਕੜੀ

ਤੇ ਬੈਗ ਸੌਂਪਦੀ ਹੈ।ਦਰਅਸਲ ਇਹ ਸਾਮਾਨ ਉਸ ਦੇ ਪੂਰਵਜ ਤਾਰਾ ਸਿੰਘ ਦਾ ਹੈ।ਉਹ ਕੋਈ ਡੇਢ ਸੌ ਸਾਲ ਪਹਿਲਾਂ ਅੰਗਰੇਜ਼ਾਂ ਦੀ ਫ਼ੋਜ ਵਿਚ ਇਕ ਫ਼ੌਜੀ ਸੀ।ਇਸ ਵਿਚੋਂ ਮਿਲੀਆਂ ਕੀਮਤੀ ਚੀਜ਼ਾਂ- ਵਸਤਾਂ ਜਿਵੇਂ ਕਿ ਕਲਮ, ਦਵਾਤ, ਸਿਆਹੀ ਹਾਥੀ ਦੰਦ ਦੀਆਂ ਬਣੀਆਂ ਵਸਤਾਂ ਆਦਿ ਨਾਵਲ ਦੇ ਨਾਇਕ ਤਾਰਾ ਸਿੰਘ ਨਾਲ ਜਾਣ-ਪਛਾਣ ਕਰਾਉਣ ਵਿਚ ਸਹਾਈ ਹੁੰਦੀਆਂ ਹਨ।ਉਹ ਔਰਤ ਉੱਤਮ-ਪੁਰਖੀ ਪਾਤਰ ਨੂੰ ਦੱਸਦੀ ਹੈ ਕਿ ਆਪਣੇ ਸ਼ਰੀਕਾਂ ਦੀਆਂ ਚਾਲਾਂ ਤੋਂ ਪ੍ਰੇਸ਼ਾਨ ਜੀਤ ਸਿੰਘ ਵਿਦੇਸ਼ ਜਾ ਚੁੱਕਾ ਹੈ।ਉਹ ਉਸ ਨੂੰ ਦੱਸਦੀ ਹੈ ਕਿ ਉਹ ਤਾਰਾ ਸਿੰਘ ਦੀ ਪੜਪੋਤਰੀ ਹੈ ਅਤੇ ਜੀਤ ਸਿੰਘ ਉਸ ਦਾ ਪੜਦੋਹਤਰਾ ਹੈ।ਇਸ ਉਪਰੰਤ ਉਹ ਮਹਾਰਾਜਾ ਰਣਜੀਤ ਸਿੰਘ ਅਤੇ ਤਾਰਾ ਸਿੰਘ ਦੇ ਪਿਛੋਕੜ ਬਾਰੇ ਉੱਤਮ-ਪੁਰਖੀ ਪਾਤਰ ਨੂੰ ਜਾਣਕਾਰੀ ਦਿੰਦੀ ਹੈ।

ਇਹ ਸੰਦੂਕੜੀ ਅਤੇ ਬੈਗ ਉੱਤਮ-ਪੁਰਖੀ ਪਾਤਰ ਜੋ ਕੇ ਨਾਵਲਕਾਰ ਆਪ ਹੈ, ਲਈ ਬਹੁਤ ਮਹੱਤਵਪੂਰਨ ਹਨ।ਨਾਵਲਕਾਰ ਨੂੰ ਮਿਲੀ ਸੰਦੂਕੜੀ, ਬੈਗ ਅਤੇ ਨਾਲ ਆਈਆਂ ਡਾਇਰੀਆਂ ਇਕ ਰਹੱਸ ਵਾਂਗ ਹਨ।ਉਹ ਔਰਤ ਉਸ ਕੋਲ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦਾ ਹਾਲ ਬਿਆਨ ਕਰਦੀ ਹੈ।'ਸਿੰਧ ਦੀ ਫ਼ੌਜ ਦਾ ਗਠਨ' ਕਾਂਡ ਵਿਚ 1838 ਤੋਂ 1842 ਤੱਕ ਦੀਆਂ ਮਹੱਤਵਪੂਰਨ ਘਟਨਾਵਾਂ ਪਾਠਕ ਨੂੰ ਟੁੰਬਦੀਆਂ ਹਨ।ਅਫ਼ਗਾਨਿਸਤਾਨ ਵਿਚ ਦੋਸਤ ਮੁਹੰਮਦ ਵੱਲੋਂ ਸ਼ਾਹਸ਼ੁਜਾ ਦਾ ਤਖ਼ਤਾ ਪਲਟ ਕੇ ਰਾਜਾ ਬਣਨ ਮਗਰੋਂ ਦੇ ਹਾਲਾਤ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਕੂਟਨੀਤੀ ਵਿਸ਼ੇਸ਼ ਖਿ਼ੱਚ ਦਾ ਕਾਰਨ ਹਨ।ਅੰਗਰੇਜ਼ਾਂ ਨੇ ਸ਼ਾਹ ਸ਼ੁਜਾ ਨੂੰ ਮੁੜ ਤਖ਼ਤ ਉੱਪਰ ਬਿਠਾਉਣ ਲਈ ਸਿੰਧ ਦੀ ਫ਼ੌਜ ਦਾ ਗਠਨ ਕੀਤਾ।ਇਸ ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਵੀ ਮਦਦ ਮੰਗੀ ਗਈ।ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਪੇਸ਼ਾਵਰ ਉੱਪਰ ਕਬਜ਼ਾ ਕਰ ਲੈਂਦਾ ਹੈ।ਉਸ ਔਰਤ ਅਨੁਸਾਰ ਤਾਰਾ ਸਿੰਘ ਇਕ ਘੁੜਸਵਾਰ ਸੀ।ਉਸ ਕੋਲ ਆਪਣਾ ਘੋੜਾ ਵੀ ਸੀ।ਸਿੰਧ ਦੀ ਫ਼ੌਜ ਨੇ ਕਾਬੁਲ ਉੱਪਰ ਹਮਲਾ ਕਰਕੇ ਦੋਸਤ ਮੁਹੰਮਦ ਨੂੰ ਉਥੋਂ ਭਜਾ ਦਿੱਤਾ।ਹੁਣ ਅਫ਼ਗਾਨਿਸਤਾਨ ਤੇ ਕਾਬੁਲ ਅੰਗਰੇਜ਼ਾਂ ਦੀ ਵਿਲਾਸਤਾ ਦਾ ਕੇਂਦਰ ਬਣ ਚੁੱਕੇ ਸਨ।ਉਹ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਰਹੇ ਸਨ।ਅਫ਼ਗਾਨੀਆਂ ਨੇ ਅੰਗਰੇਜ਼ਾਂ ਉੱਪਰ ਹਮਲੇ ਕਰਕੇ ਕਈ ਵੱਡੇ ਅੰਗਰੇਜ਼ ਅਫ਼ਸਰ ਮਾਰ ਦਿੱਤੇ ਸਨ।ਅਖੀਰ ਸਿੰਧ ਦੀ ਫ਼ੌਜ ਕੋਈ ਸਤਾਰਾਂ ਹਜ਼ਾਰ ਦੇ ਕਾਫ਼ਲੇ ਸਮੇਤ ਕਾਬੁਲ ਤੋਂ ਜਲਾਲਾਬਾਦ ਲਈ ਰਵਾਨਾ ਹੋ ਗਈ।

'ਵਿਕਟੋਰੀਆ ਸਕੌਟ ਨਾਲ ਮੁੱਢਲੀ ਜਾਣ-ਪਛਾਣ' ਵਾਲੇ ਕਾਂਡ ਵਿਚ ਅਸੀਂ ਤਾਰਾ ਸਿੰਘ ਦੀ ਮਹਾਨਤਾ ਦੇ ਰੂਬਰੂ ਹੁੰਦੇ ਹਾਂ।ਤਾਰਾ ਸਿੰਘ ਵੀ ਉਪਰੋਕਤ ਕਾਫ਼ਲੇ ਵਿਚ ਸ਼ਾਮਲ ਸੀ।ਅਫ਼ਗਾਨੀਆਂ ਦੇ ਹਮਲੇ ਵਿਚ ਤਾਰਾ ਸਿੰਘ ਦੇ ਵੱਖੀ ਵਿਚ ਗੋਲੀ ਲੱਗੀ ਸੀ।ਪਰ ਉਹ ਬਚ ਗਿਆ ਸੀ।ਉਸ ਨੇ ਇਕ ਨੌਜੁਆਨ ਅੰਗਰੇਜ਼ ਔਰਤ ਵਿਕਟੋਰੀਆ ਸਕੌਟ ਦੀ ਇਕ ਅਫ਼ਗਾਨ ਹਮਲਾਵਰ ਤੋਂ ਜਾਣ ਬਚਾਈ ਸੀ।ਵਿਕਟੋਰੀਆ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਦੀ ਰਹਿਣਵਾਲੀ ਸੀ।ਇਸ ਲਈ ਤਾਰਾ ਸਿੰਘ ਦੇ ਪਿੰਡ ਦੇ ਲੋਕ ਵਿਕਟੋਰੀਆ, ਸਕਾਟਲੈਂਡ ਤੇ ਗਲਾਸਗੋ ਦੇ ਤਿੰਨ ਲਫ਼ਜ਼ਾਂ ਤੋਂ ਭਲੀਭਾਂਤ ਜਾਣੂ ਸਨ।ਔਰਤ, ਨਾਵਲਕਾਰ ਨੂੰ ਦੱਸਦੀ ਹੈ ਕਿ ਉਸ ਨੂੰ ਸਹੀ ਸਲਾਮਤ ਲਖਨਊ ਛੱਡ ਕੇ ਅਤੇ ਫ਼ੌਜ ਦੀ ਨੌਕਰੀ

ਛੱਡ ਕੇ ਉਹ ਪੰਜਾਬ ਵਿਚ ਆਪਣੇ ਪਿੰਡ ਵਾਪਸ ਆ ਜਾਂਦਾ ਹੈ।ਜੂਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਅੰਗਰੇਜ਼ ਪੰਜਾਬ ਉੱਪਰ ਕਾਬਜ਼ ਹੋ ਜਾਂਦੇ ਹਨ।ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ 1845 ਤੇ 1849 ਵਿਚ ਦੋ ਲੜਾਈਆਂ ਵਿਚ ਸਿੱਖਾਂ ਦੀ ਹਾਰ ਹੁੰਦੀ ਹੈ।ਅੰਗਰੇਜ਼ਾਂ ਦੀ ਤਾਕਤ ਵਧ ਜਾਂਦੀ ਹੈ।ਉਹ ਮਦਰਾਸ, ਮੈਸੂਰ ਅਤੇ ਹੈਦਰਾਬਾਦ ਨੂੰ ਜਿੱਤ ਕੇ ਪੱਛਮ ਵਿਚ ਮਰਹੱਟਿਆਂ ਉੱਪਰ ਵੀ ਜਿੱਤ ਹਾਸਲ ਕਰ ਲੈਂਦੇ ਹਨ।ਨਾਵਲਕਾਰ ਇਤਿਹਾਸਕ ਵੇਰਵਿਆਂ ਨੂੰ ਉਨ੍ਹਾਂ ਦੇ ਕਾਲ ਅਨੁਸਾਰ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।ਉਹ ਡਾਇਰੀਆਂ ਦੇ ਡੇੜ ਸੌ ਸਾਲ ਪਹਿਲਾਂ ਲਿਖੇ ਹੋਣ ਦੀ ਪੁਸ਼ਟੀ ਵੀ ਕਰਦਾ ਹੈ।ਔਰਤ, ਲੇਖਕ ਕੋਲ ਫ਼ਾਰਸੀ ਨਾ ਪੜ੍ਹ ਸਕਣ ਦੀ ਮਜਬੂਰੀ ਵੀ ਜ਼ਾਹਿਰ ਕਰਦੀ ਹੈ।ਇਹ ਡਾਇਰੀ ਨਾਵਲਕਾਰ ਲਈ ਇਕ ਚਿੰਤਨ ਦਾ ਸਬੱਬ ਬਣ ਜਾਂਦੀ ਹੈ। ਉਹ ਲਿਖਦਾ ਹੈ, ਇਹਨਾਂ ਡਾਇਰੀਆਂ ਵਿਚ ਤਾਰਾ ਸਿੰਘ ਨੇ ਕੁਝ ਲਿਖਿਆ ਹੋਵੇ ਜਾਂ ਉਸ ਬਾਰੇ ਕੁਝ ਸੰਕੇਤ ਜਾਂ ਕੋਈ ਇਸ਼ਾਰਾ ਕੀਤਾ ਹੋਵੇ ਜਾਂ ਆਪਣੀਆਂ ਲਿਖਤਾਂ ਵਿਚ ਕੋਈ ਸੁਰਾਗ ਛੱਡਿਆ ਹੋਵੇ ਏਦਾਂ ਦੇ ਹੋਰ ਵੀ ਕਈ ਸੁਆਲ ਮੇਰੇ ਮਨ ਵਿਚ ਘੁੰਮਦੇ ਰਹਿੰਦੇ ਸਨ।ਬੀਬੀ ਜੀ ਨਾਲ ਹੋਈਆਂ ਗੱਲਾਂ ਤੋਂ ਮੇਰੇ ਮਨ ਵਿਚ ਤਾਰਾ ਸਿੰਘ ਅਤੇ ਵਿਕਟੋਰੀਆ ਦੀਆਂ ਸ਼ਕਲਾਂ ਅਤੇ ਆਕ੍ਰਿਤੀਆਂ ਬਣ ਗਈਆਂ ਸਨ ਪਰ ਉਹ ਹਾਲੇ ਧੁੰਦਲੀਆਂ ਸਨ ਅਤੇ ਬਹੁਤ ਸਪਸ਼ਟ ਨਹੀਂ ਸਨ।" [1]

ਇਸ ਨਾਵਲ ਦੇ ਕਥਾਨਕ ਦਾ ਸਰੋਤ ਤਾਰਾ ਸਿੰਘ ਅਤੇ ਵਿਕਟੋਰੀਆ ਸਕੌਟ ਦੀਆਂ ਡਾਇਰੀਆਂ ਹਨ।ਤਾਰਾ ਸਿੰਘ ਦੀਆਂ ਡਾਇਰੀਆਂ ਫ਼ਾਰਸੀ ਭਾਸ਼ਾ ਵਿਚ ਸਨ।ਨਾਵਲਕਾਰ ਇਨ੍ਹਾਂ ਨੂੰ ਪੜ੍ਹਨ ਲਈ ਫ਼ਾਰਸੀ ਭਾਸ਼ਾ ਸਿੱਖਦਾ ਹੈ।ਇਸ ਕਾਲ ਦੀ ਇਤਿਹਾਸਕ ਸਥਿਤੀ ਨੂੰ ਸਮਝਣ ਲਈ ਉਹ 1192 ਤੋਂ 1947 ਤੱਕ ਦੀ ਇਤਿਹਾਸਕ ਜਾਣਕਾਰੀ ਹਾਸਲ ਕਰਦਾ ਹੈ।ਦੋ ਮਹੀਨਿਆਂ ਦੇ ਕੋਰਸ ਦੌਰਾਨ ਉਸ ਨੂੰ ਮੁਹੰਮਦ ਗੌਰੀ ਦੇ ਹਮਲੇ ਤੋਂ ਲੈ ਕੇ ਬਾਬਰ, ਇਬਰਾਹੀਮ ਲੋਧੀ, ਜਹਾਂਗੀਰ, ਟੀਪੂ ਸੁਲਤਾਨ, ਮਹਾਰਾਜਾ ਰਣਜੀਤ ਸਿੰਘ ਅਤੇ 1947 ਵਿਚ ਦੇਸ਼ ਨੂੰ ਮਿਲੀ ਆਜ਼ਾਦੀ ਦੀ ਆਮ ਸਮਝ ਹੋ ਜਾਂਦੀ ਹੈ।ਫ਼ਾਰਸੀ ਤੇ ਇਤਿਹਾਸ ਦੀ ਮੁੱਢਲੀ ਜਾਣਕਾਰੀ ਉਪਰੰਤ ਨਾਵਲਕਾਰ ਤਾਰਾ ਸਿੰਘ ਦੀਆਂ ਡਾਇਰੀਆਂ ਨੂੰ ਪੜ੍ਹਨ ਵੱਲ ਅਹੁਲਦਾ ਹੈ।'ਤਾਰਾ ਸਿੰਘ ਦੀਆਂ ਲਿਖਤਾਂ ਨੂੰ ਸਮਝਣ ਦੀ ਤਿਆਰੀ' ਕਾਂਡ ਦੇ ਅਖੀਰ ਵਿਚ ਨਾਵਲਕਾਰ ਐਲਾਨ ਕਰਦਾ ਹੋਇਆ ਲਿਖਦਾ ਹੈ,"ਮੈਂ ਤਾਰਾ ਸਿੰਘ ਦੀ ਡਾਇਰੀ ਪੜ੍ਹਦਾ ਜਾਂਦਾ ਹਾਂ ਅਤੇ ਨਾਲ-ਨਾਲ ਤੁਹਾਨੂੰ ਦੱਸਦਾ ਜਾਂਦਾ ਹਾਂ ਕਿ ਜਿਨ੍ਹਾਂ ਘਟਨਾਵਾਂ ਦਾ ਤਾਰਾ ਸਿੰਘ ਆਪਣੀ ਡਾਇਰੀ ਵਿਚ ਜ਼ਿਕਰ ਕਰਦਾ ਹੈ ਉਹ ਕਿੱਥੇ ਹੋ ਰਹੀਆਂ ਹਨ ਅਤੇ ਉਨ੍ਹਾਂ ਦਾ ਪਿਛੋਕੜ ਕੀ ਸੀ।"[2]

ਨਾਵਲਕਾਰ 'ਤਾਰਾ ਸਿੰਘ ਦਾ ਰੋਜ਼ਨਾਮਚਾ' ਕਾਂਡ ਵਿਚ ਦੱਸਦਾ ਹੈ ਕਿ ਤਾਰਾ ਸਿੰਘ ਨੂੰ ਡਾਇਰੀ ਲਿਖਣ ਦੀ ਚੇਟਕ ਫਰਾਂਸੀਸੀ ਅਫ਼ਸਰ ਯਾਨ ਫ਼ਰਾਂਸਕਾ ਅਲਾਰ ਤੋਂ ਲੱਗੀ ਸੀ।ਅਲਾਰ ਆਪਣਾ ਰੋਜ਼ਨਾਮਚਾ ਲਿਖਦਾ ਸੀ।ਉਸ ਨੂੰ ਵੇਖ ਕੇ ਤਾਰਾ ਸਿੰਘ ਨੇ ਵੀ ਆਪਣੀ ਡਾਇਰੀ ਲਿਖਣੀ ਸ਼ੁਰੂ ਕਰ ਦਿੱਤੀ।ਅਲਾਰ ਨੈਪੋਲੀਅਨ ਦੀ ਹਾਰ ਹੋ ਜਾਣ ਮਗਰੋਂ ਫ਼ਰਾਂਸੀਸੀ ਫ਼ੌਜ ਛੱਡ ਕੇ ਏਸ਼ੀਆਂ ਆ ਗਿਆ ਸੀ।ਫਿਰ ਉਹ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਜਰਨੈਲ ਬਣ

ਗਿਆ ਸੀ।ਉਸ ਨੇ ਚੰਬੇ ਦੀ ਇਕ ਰਾਜਕੁਮਾਰੀ ਬੰਨੂੰ ਪਾਨ ਦੇਈ ਨਾਲ ਵਿਆਹ ਕਰਵਾ ਲਿਆ ਸੀ।ਤਾਰਾ ਸਿੰਘ ਨੂੰ ਵੀ ਅਲਾਰ ਨੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਕੀਤਾ ਸੀ।

ਨਾਵਲਕਾਰ ਤਾਰਾ ਸਿੰਘ ਦੀ ਸ਼ਖ਼ਸੀਅਤ ਨੂੰ ਉਭਾਰਨ ਲਈ ਉਸ ਦੇ ਗੁਣਾ ਨੂੰ ਪ੍ਰਮੁੱਖਤਾ ਨਾਲ ਪੇਸ਼ ਕਰਦਾ ਹੈ।ਤਾਰਾ ਸਿੰਘ ਦੀ ਡਾਇਰੀ ਇਕ ਪਾਤਰ ਵਾਂਗ ਭੂਮਿਕਾ ਨਿਭਾਉਂਦੀ ਹੈ।ਇਸ ਦੀ ਪ੍ਰਸੰਸਾ ਕਰਦਾ ਹੋਇਆ ਨਾਵਲਕਾਰ ਲਿਖਦਾ ਹੈ,"ਉਹਨਾਂ ਦਿਨਾਂ ਦੀ ਲਿਖੀ ਤਾਰਾ ਸਿੰਘ ਦੀ ਡਾਇਰੀ ਤੋਂ ਉਹਨਾਂ ਦਿਨਾਂ ਦੇ ਲਾਹੌਰ ਦੀ ਚੰਗੀ ਝਲਕ ਮਿਲਦੀ ਹੈ।ਜੋ ਸਭ ਤੋਂ ਚੰਗੀ ਗੱਲ ਹੈ ਉਹ ਇਹ ਕਿ ਤਾਰਾ ਸਿੰਘ ਦੀ ਡਾਇਰੀ ਬੜੀ ਈਮਾਨਦਾਰ ਹੈ।ਸੱਚੀ ਅਤੇ ਸੁੱਚੀ ਹੈ।"[3] ਇਸ ਡਾਇਰੀ ਵਿਚ ਇਕ ਤਿੰਨ ਤਰਫ਼ਾ ਸਮਝੌਤੇ ਦਾ ਜ਼ਿਕਰ ਹੈ ਜਿਸ ਨਾਲ ਭਾਰਤ ਦਾ ਇਕ ਸੁਨਹਿਰਾ ਪੰਨਾ ਜੁੜਿਆ ਹੋਇਆ ਹੈ।ਡਾਇਰੀ ਮੁਤਾਬਕ,"ਇਹ ਸਮਝੋਤਾ ਅੰਗ੍ਰੇਜ਼ਾਂ, ਮਹਾਰਾਜਾ ਰਣਜੀਤ ਸਿੰਘ ਅਤੇ ਅਫ਼ਗਾਨਿਸਤਾਨ ਦੇ ਗੱਦੀਓ ਲਾਹੇ ਅਮੀਰ ਸ਼ਾਹ ਸ਼ੁਜਾ ਵਿਚ ਹੋਇਆ ਸੀ। ਸ਼ਾਹ ਸ਼ੁਜਾ ਨੂੰ ਤੀਹ ਸਾਲ ਪਹਿਲਾਂ ਉਸੇ ਦੇ ਵਜ਼ੀਰ ਦੋਸਤ ਮੁਹੰਮਦ ਨੇ ਅਫ਼ਗਾਨਿਸਤਾਨ ਦੀ ਗੱਦੀ ਤੋਂ ਲਾਹ ਦਿੱਤਾ ਸੀ ਅਤੇ ਉਸ ਦੀ ਥਾਂ ਆਪ ਗੱਦੀ ਤੇ ਬੈਠ ਗਿਆ ਸੀ।ਕੁਝ ਸਾਲ ਪਹਿਲਾਂ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਅਫ਼ਗਾਨੀਆਂ ਦੀ ਕੈਦ ਵਿਚੋਂ ਛੁਡਾਇਆ ਸੀ ਅਤੇ ਏਵਜ਼ ਵਿਚ ਇਸ ਨੇ ਕੋਹੇਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਨੂੰ ਭੇਂਟ ਕੀਤਾ ਸੀ।"[4]

ਤਾਰਾ ਸਿੰਘ ਦਾ ਨੈਤਿਕ ਪੱਖ ਬਹੁਤ ਮਜਬੂਤ ਹੈ।ਉਸ ਦਾ ਇਹੀ ਵਕਾਰ ਪਾਠਕ ਦੇ ਮਨ ਵਿਚ ਉਸ ਪ੍ਰਤੀ ਹਮਦਰਦੀ ਭਰਦਾ ਹੈ।ਉਸ ਦੀਆਂ ਉੱਚ ਕਦਰਾਂ-ਕੀਮਤਾਂ ਨੂੰ ਪ੍ਰਗਟਾਉਂਦਾ ਉਹ ਪ੍ਰਸੰਗ ਪੜ੍ਹਨਯੋਗ ਹੈ ਜਦੋਂ ਤਾਰਾ ਸਿੰਘ ਜ਼ਖ਼ਮੀ ਵਿਕਟੋਰੀਆ ਸਕੋਟ ਦੀ ਮਦਦ ਲਈ ਅੱਗੇ ਆਉਂਦਾ ਹੈ,"ਉਸ ਆਦਮੀ ਨੇ ਉਸ ਨੂੰ ਸਾਰੀ ਰਾਤ ਆਪਣੀ ਚੌੜੀ ਹਿੱਕ ਨਾਲ ਲਾਈ ਰੱਖਿਆ।ਉਸ ਦੇ ਸਰੀਰ ਦੇ ਨਿੱਘ ਨੇ ਵਿਕਟੋਰੀਆ ਨੂੰ ਠੰਢ ਤੋਂ ਬਚਾਈ ਰੱਖਿਆ।ਸਾਰੀ ਰਾਤ ਉਸ ਨੂੰ ਕਿਤੇ ਮਾੜਾ ਜਿਹਾ ਵੀ ਨਹੀਂ ਲੱਗਾ ਸੀ ਕਿ ਉਸ ਆਦਮੀ ਦੀ ਨੇੜਤਾ ਵਿਚ ਕੁਝ ਗਲਤ ਸੀ।ਉਸ ਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਇਹ ਕਿੱਦਾਂ ਸੰਭਵ ਸੀ।ਪਰ ਉਸ ਦਾ ਦਿਲ ਅਤੇ ਉਸ ਦਾ ਬਦਨ ਗਵਾਹ ਸੀ ਕਿ ਉਸ ਆਦਮੀ ਦੀ ਪੂਰੀ ਰਾਤ ਦੀ ਗਲਵੱਕੜੀ ਵਿਚ ਕੁਝ ਵੀ ਰਵਾਲ ਜਿੰਨਾ ਵੀ ਗਲਤ ਨਹੀਂ ਸੀ।"[5] ਤਾਰਾ ਸਿੰਘ ਨੂੰ ਉਸ ਦੇ ਕੀਤੇ ਉਪਕਾਰ ਲਈ ਨਿਵਾਜ਼ਿਆ ਜਾਂਦਾ ਹੈ।ਇਸ ਪੱਖੋਂ ਸਰਕਾਰ ਤੇ ਵਿਕਟੋਰੀਆ ਸਕੋਟ ਆਪ ਉਸ ਦੇ ਕਦਰਦਾਨ ਬਣਦੇ ਵੇਖੇ ਜਾ ਸਕਦੇ ਹਨ।"ਤਿਨਾਂ ਮਹੀਨਿਆਂ ਬਾਅਦ, ਮਈ ਦੇ ਅਖੀਰ ਵਿਚ ਤਾਰਾ ਸਿੰਘ ਦੀ ਯੂਨਿਟ ਵਿਚ ਇਕ ਚਿੱਠੀ ਆਈ।ਇਸ ਚਿੱੱਠੀ ਵਿਚ ਤਾਰਾ ਸਿੰਘ ਨੂੰ ਤਮਗੇ ਦਿੱਤੇ ਜਾਣ ਦੀ ਘੋਸ਼ਣਾ ਕੀਤੀ ਗਈ ਸੀ।ਲਖਨਊ ਵਿਚ ਹੋਏ ਇਕ ਪਰੇਡ ਸਮਾਰੋਹ ਵਿਚ ਉਹ ਤਮਗੇ ਉਸ ਦੀ ਵਰਦੀ ਤੇ ਲਾਏ ਗਏ।ਉਸ ਦੀ ਸ਼ਲਾਘਾ ਕੀਤੀ ਗਈ ਅਤੇ ਉਸ ਨੂੰ ਬਾਕੀਆਂ ਲਈ ਇਕ ਉਦਾਹਰਨ ਦੀ ਤਰ੍ਹਾਂ ਪੇਸ਼ ਕੀਤਾ ਗਿਆ।ਪੁਰਸਕਾਰ ਰਾਸ਼ੀ ਵੀ ਦਿੱਤੀ ਗਈ।ਡਾਕਟਰਾਂ ਦੀ ਸਲਾਹ ਨਾ ਮੰਨਦੀ ਹੋਈ ਵਿਕਟੋਰੀਆ ਉਸ ਪਰੇਡ ਵਿਚ ਦਰਸ਼ਕ ਦੇ ਤੌਰ ਤੇ ਸ਼ਾਮਲ ਹੋਈ ਸੀ।ਸ਼ਾਇਦ ਸਭ ਨਾਲੋਂ ਵੱਧ ਤਾੜੀਆਂ ਉਸ ਨੇ ਹੀ ਮਾਰੀਆਂ ਸਨ।"6 ਦਰਅਸਲ ਵਿਕਟੋਰੀਆ ਤਾਰਾ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਈ

ਸੀ।ਉਹ ਉਸ ਦੇ ਨਿਰਸੁਆਰਥ ਸੇਵਾ ਭਾਵ ਉਪਰ ਕੁਰਬਾਨ ਜਾਂਦੀ ਸੀ।ਇਸੇ ਲਈ ਉਸ ਨੂੰ ਤਾਰਾ ਸਿੰਘ ਕੱਪੜੇ ਰੰਗਣ ਵਾਲਾ ਇਕ ਰੰਗਰੇਜ਼' ਜਾਪਣ ਲੱਗਦਾ ਹੈ।ਕਿਉਂਕਿ ਉਸ ਦੀ ਰੂਹ ਉੱਪਰ ਤਾਰਾ ਸਿੰਘ ਦੀ 'ਤਹਿਜ਼ੀਬ' ਦਾ ਗੂੜ੍ਹਾ ਰੰਗ ਚੜ੍ਹ ਜਾਂਦਾ ਹੈ।ਉਹ ਉਸ ਦੇ ਸੱਚੇ- ਸੁੱਚੇ ਤੇ ਬੇਗਰਜ਼ ਆਚਰਣ ਤੋਂ ਸੇਧ ਲੈਂਦੀ ਪ੍ਰਤੀਤ ਹੁੰਦੀ ਹੈ।ਸਰੀਰਕ ਰੂਪ ਵਿਚ ਦੂਰ ਹੋਣ ਦੇ ਬਾਵਜੂਦ ਤਾਰਾ ਸਿੰਘ ਦੀ ਰੂਹ ਨੂੰ ਵਿਕਟੋਰੀਆ ਆਪਣੇ ਅੰਗ-ਸੰਗ ਮਹਿਸੂਸ ਕਰਦੀ ਸੀ।ਤਾਰਾ ਸਿੰਘ ਦੀ ਡਾਇਰੀ ਲਿਖਣ ਦੀ ਆਦਤ ਤੋਂ ਪ੍ਰਭਾਵਿਤ ਹੋ ਕੇ ਵਿਕਟੋਰੀਆ ਉਸ ਨੂੰ ਹਾਥੀ ਦੰਦ ਦੀ ਇਕ ਪੇਟੀ ਤੇ ਲਿਖਣ ਸਾਮੱਗਰੀ ਭੇਟ ਕਰਦੀ ਹੈ।ਤਾਰਾ ਸਿੰਘ ਨੂੰ ਫ਼ਿਰੋਜ਼ਪੁਰ ਬੁਲਾਉਣ ਮਗਰੋਂ ਉਹ ਆਪਣੀ ਉਹੀ ਪੇਟੀ ਤੇ ਲਿਖਣ ਸਾਮੱਗਰੀ ਵਿਕਟੋਰੀਆ ਕੋਲ ਰੱਖ ਕੇ ਜਾਂਦਾ ਹੈ।ਤਾਰਾ ਸਿੰਘ ਘੁੜਸਵਾਰੀ ਦਾ ਮਾਹਿਰ ਸੀ।ਇਸ ਦਾ ਇਕ ਪ੍ਰਮਾਣ ਇਕ ਅੰਗਰੇਜ਼ ਨਾਲ ਘੋੜੀ ਦੁੜਾਉਣ ਤੋਂ ਮਿਲ ਜਾਂਦਾ ਹੈ।ਤਾਰਾ ਸਿੰਘ ਦੀ ਡਾਇਰੀ ਅੰਗਰੇਜ਼ ਅਫ਼ਸਰਾਂ ਦੇ ਪੰਜਾਬੀ ਬੋਲਣ ਦਾ ਵੀ ਖ਼ੁਲਾਸਾ ਕਰਦੀ ਹੈ।ਫ਼ੌਜ ਫ਼ਿਰੋਜ਼ਪੁਰ ਤੋਂ ਕਾਬੁਲ ਲਈ ਰਵਾਨਾ ਹੋ ਜਾਂਦੀ ਹੈ।ਇਸ ਦਾ ਨਾਂ ਸਿੰਧ ਦਰਿਆ ਉੱਪਰ 'ਸਿੰਧ ਦੀ ਫ਼ੌਜ' ਰੱਖਿਆ ਜਾਂਦਾ ਹੈ।ਔਕਲੈਂਡ ਤੇ ਮਹਾਰਾਜਾ ਰਣਜੀਤ ਸਿੰਘ ਫ਼ੌਜ ਦਾ ਮੁਆਇਨਾ ਕਰਕੇ ਜਸ਼ਨ ਵਿਚ ਸ਼ਾਮਲ ਹੁੰਦੇ ਹਨ।

ਸਿੰਧ ਦੀ ਫ਼ੌਜ' ਦੇ ਸਾਹਸੀ ਕਾਰਨਾਮਿਆਂ ਦਾ ਜ਼ਿਕਰ ਮਹੱਤਵਪੂਰਨ ਹੈ।'ਸ਼ਿਕਾਰਪੁਰ, ਮਾਰੂਥਲ, ਬਲੋਚ ਅਤੇ ਦੱਰਾ ਬੋਲਾਨ' ਕਾਂਡ ਵਿਚ ਲੋਕ-ਧਾਰਾਈ ਵੇਰਵਿਆਂ ਦੀ ਮਦਦ ਨਾਲ ਮੁਸ਼ਕਿਲ ਰਾਹਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ।ਸੱਸੀ-ਪੁਨੂੰ ਦੀ ਸੰਕਟਗ੍ਰਸਤ ਪਿਆਰ ਗਾਥਾ ਦੇ ਹਵਾਲੇ ਮਾਰੂਥਲ ਦੇ ਦੁਸ਼ ਪ੍ਰਭਾਵਾਂ ਨੂੰ ਚਿੱਤਰਦੇ ਹਨ।ਸਿੰਧ ਦੀ ਫ਼ੌਜ ਨੂੰ ਬੋਲਾਨ ਦੱਰੇ ਦੀ 48 ਡਿਗਰੀ ਸਖ਼ਤ ਗਰਮੀ ਵਿਚੋਂ ਗੁਜ਼ਰਨਾਂ ਪੈ ਰਿਹਾ ਸੀ।ਇਸ ਬਾਰੇ ਲੇਖਕ ਲਿਖਦਾ ਹੈ,"ਬਲੋਚ ਕਬੀਲਿਆਂ ਦੇ ਸਿੰਧ ਦੀ ਫ਼ੌਜ ਉੱਤੇ ਘਾਤਕ ਹਮਲੇ ਹੋ ਰਹੇ ਸਨ।ਪਹਾੜਾ ਦੀਆਂ ਕੰਦਰਾਂ ਵਿਚ ਲੁਕੇ ਬਲੋਚ ਨਿਸ਼ਾਨੇ ਲੈ ਲੈ ਕੇ ਗੋਲੀਆਂ ਚਲਾਉਂਦੇ ਸਨ ਅਤੇ ਸਿੰਧ ਦੀ ਫ਼ੌਜ ਦੇ ਬੰਦਿਆਂ ਨੂੰ ਹਲਾਕ ਕਰਦੇ ਸਨ।ਹਜ਼ਾਰਾਂ ਦੀ ਤਾਦਾਦ ਵਿਚ ਊਠ, ਘੋੜੇ, ਹਾਥੀ, ਬਲਦ, ਖੱਚਰ ਅਤੇ ਹੋਰ ਮਵੇਸ਼ੀ ਮਰ ਚੁੱਕੇ ਸਨ।ਪਾਣੀ ਅਤੇ ਭੋਜਨ ਦੀ ਭਾਰੀ ਕਿੱਲਤ ਅਤੇ ਕਮੀ ਕਰਕੇ ਵੀ ਬੜੀਆਂ ਮੌਤਾਂ ਹੋ ਚੁੱਕੀਆਂ ਸਨ।ਪਰ ਬਾਕੀ ਦੀ ਫ਼ੌਜ ਹੌਲੀ- ਹੌਲੀ ਅੱਗੇ ਵਧ ਰਹੀ ਸੀ।"[7]

ਅਫ਼ਗਾਨਿਸਤਾਨ ਦੇ ਉਸ ਸਮੇਂ ਲੋਕਾਂ ਦੀ ਰਾਜਿਆਂ ਬਾਰੇ ਰਾਇ ਨੂੰ ਨਾਵਲਕਾਰ ਸੁਚੇਤ ਰੂਪ ਵਿਚ ਪੇਸ਼ ਕਰਦਾ ਹੈ। ਲੋਕ ਸ਼ਾਹ ਸ਼ੁਜਾ ਨਾਲ ਕਿਉਂ ਨਾਰਾਜ਼ ਸਨ ਇਸ ਬਾਰੇ ਇਹ ਹਵਾਲਾ ਜ਼ਿਕਰਯੋਗ ਹੈ,"ਪਸ਼ਤੂਨ ਲੋਕ ਬਲੋਚਾਂ ਨਾਲੋਂ ਹੋਰ ਤਰ੍ਹਾਂ ਦੇ ਸਨ।ਉਹ ਬੜੇ ਨਿੱਡਰ ਸਨ।ਅਤੇ ਛੇਤੀ ਹੀ ਉਹਨਾਂ ਵਿਚੋਂ ਕਈ ਸਿੰਧ ਦੀ ਫ਼ੌਜ ਵੱਲੋਂ ਆ ਕੇ ਲੋਕਾਂ ਨੂੰ ਮਿਲੇ ਅਤੇ ਉਹਨਾਂ ਤੋਂ ਉਹਨਾਂ ਦੇ ਆਉਣ ਦਾ ਕਾਰਨ ਪੁੱਛਿਆ। ਉਹਨਾਂ ਦੀਆਂ ਗੱਲਾਂ ਤੋਂ ਪਤਾ ਲੱਗਦਾ ਸੀ ਕਿ ਉਹ ਸ਼ਾਹ ਸ਼ੁਜਾ ਨਾਲ ਨਰਾਜ਼ ਸਨ।ਕਿਉਂ ਕਿ ਉਹ ਫ਼ਿਰੰਗੀਆਂ ਦੀ ਫ਼ੌਜ ਨੂੰ ਅਫ਼ਗਾਨਿਸਤਾਨ 'ਤੇ ਹਮਲਾ ਕਰਨ ਲਈ ਨਾਲ ਲੈ ਕੇ ਆ ਰਿਹਾ ਸੀ।"[8]

ਇਸ ਨਾਵਲ ਦਾ ਕਥਾਨਕ ਅਚਾਨਕ ਇਕ ਸਫ਼ਰਨਾਮੇ ਦਾ ਮੋੜ ਲੈ ਲੈਂਦਾ ਹੈ।'ਮੈਂ' ਪਾਤਰ ਇਕ ਬੈਂਕ ਦਾ ਅਧਿਕਾਰੀ ਹੈ।ਬੈਂਕ ਦੇ ਸਿਲਸਿਲੇ ਵਿਚ ਉਸ ਨੂੰ ਲੰਡਨ ਜਾਣ ਦਾ ਮੌਕਾ ਮਿਲਦਾ ਹੈ।ਲੰਡਨ ਦੇ ਸ਼ਹਿਰ ਬੈਡਫੋਰਡ ਵਿਚ ਉਸ ਨੂੰ ਜੀਤ ਸਿੰਘ ਨਾਲ ਮਿਲਣ ਦੀ ਉਮੀਦ ਜਾਗਦੀ ਹੈ।ਉੱਥੇ ਉਸ ਨੂੰ ਜੀਤ ਸਿੰਘ ਦੇ ਨਾਲ ਉਹ ਔਰਤ ਵੀ ਮਿਲ ਜਾਂਦੀ ਹੈ ਜਿਸ ਨੇ ਉਸ ਨੂੰ ਤਾਰਾ ਸਿੰਘ ਦੀ ਡਾਇਰੀਆਂ ਵਾਲੀ ਸੰਦੂਕੜੀ ਸੌਂਪੀ ਸੀ।ਉਹ ਉਸ ਨੂੰ ਬੀਬੀ ਜੀ ਕਹਿ ਕੇ ਸੰਬੋਧਨ ਕਰਦਾ ਹੈ।ਪਰ ਵਿਕਟੋਰੀਆਂ ਸਕੌਟ ਨੂੰ ਮਿਲਣਾ ਉਸ ਨੂੰ ਅਸੰਭਵ ਲੱਗਦਾ ਹੈ।ਉਸ ਦੇ ਇਨ੍ਹਾਂ ਬੋਲਾਂ ਵਿਚੋਂ ਉਸ ਦੀ ਖੋਜੀ ਬਿਰਤੀ ਦੀ ਝਾਤ ਵੀ ਮਿਲਦੀ ਹੈ,"ਡੇਢ ਸਦੀ ਪੁਰਾਣਾ ਇਕ ਔਰਤ ਦਾ ਨਾਂ ਅਤੇ ਇਕ ਸ਼ਹਿਰ ਦਾ ਨਾਂ।ਕੀ ਇਹ ਵਿਕਟੋਰੀਆ ਦਾ ਪਤਾ ਕਰਨ ਵਾਸਤੇ ਕਾਫ਼ੀ ਸਨ? ਇਹ ਇਕ ਲੰਮਾ ਸਮਾਂ ਸੀ।ਕਈ ਵਾਰ ਲੱਗਦਾ ਸੀ ਕਿ ਏਨੀ ਕੋਸ਼ਿਸ਼ ਕਰਨ ਦੇ ਬਾਅਦ ਵੀ ਕੋਈ ਯਕੀਨ ਨਹੀਂ ਸੀ ਕਿ ਮੇਰੇ ਯਤਨਾਂ ਵਿਚੋਂ ਕੁਝ ਨਿਕਲੇਗਾ।ਕਦੀ ਲਗਦਾ ਕਿ ਮੈਂ ਇਕ ਮਿਰਗ ਮਰੀਚਿਕਾ ਪਿੱਛੇ ਦੌੜ ਰਿਹਾ ਸਾਂ।ਹਨੇਰੇ ਵਿਚ ਸੋਟੇ ਮਾਰ ਰਿਹਾ ਸਾਂ।[9] ਉਸ ਨੂੰ ਜੀਤ ਸਿੰਘ ਦੀ ਵਹੁਟੀ ਦਾ ਨਾਂ ਤਾਰਾ ਹੋਣ ਬਾਰੇ ਹੈਰਾਨੀ ਹੁੰਦੀ ਹੈ।ਇਸ ਨਾਲ ਉਸ ਦੀ ਉਤਸੁਕਤਾ ਵਧ ਜਾਂਦੀ ਹੈ।ਉਹ ਜੀਤ ਸਿੰਘ ਦੀ ਮਦਦ ਨਾਲ ਵਿਕਟੋਰੀਆ ਸਕੌਟ ਦੇ ਪਰਿਵਾਰ ਨਾਲ ਰਾਬਤਾ ਕਾਇਮ ਕਰਨ ਵਿਚ ਸਫ਼ਲ ਹੋ ਜਾਂਦਾ ਹੈ।'ਜੀਤ ਸਿੰਘ ਦਾ ਬਿਰਤਾਂਤ' ਕਾਂਡ ਵਿਚ ਜੀਤ ਸਿੰਘ ਵੱਲੋਂ ਲੰਡਨ ਵਿਚ ਕੰਪਿਊਟਰ ਦੀ ਪੜ੍ਹਾਈ ਕਰਨ ਅਤੇ 'ਜੀਤ ਸਿੰਘ ਦੀ ਨੌਕਰੀ ਲੱਗ ਗਈ' ਵਾਲੇ ਕਾਂਡ ਵਿਚ ਉਸ ਦੇ ਸਥਾਪਤ ਹੋਣ ਦਾ ਵੇਰਵਾ ਮਿਲਦਾ ਹੈ।ਇਥੇ ਨਾਵਲਕਾਰ ਜੀਤ ਸਿੰਘ ਦੇ ਸਿਰੜ ਨੂੰ ਵੀ ਜ਼ਾਹਿਰ ਕਰਦਾ ਹੈ। ਜੀਤ ਸਿੰਘ ਲਈ ਘਰ ਵਿਚ ਦੁਹਰਾਏ ਜਾਂਦੇ 'ਵਿਕਟੋਰੀਆ ਸਕੌਟ, ਗਲਾਸਗੋ, ਸਕੌਟਲੈਂਡ' ਸ਼ਬਦ ਹੀ ਵਿਕਟੋਰੀਆ ਸਕੌਟ ਦਾ ਪਤਾ ਕਰਨ ਬਾਰੇ ਤਿੰਨ ਅਹਿਮ ਸੁਰਾਗ ਸਨ।ਖੋਜੀ ਵਿਦਿਆਰਥਣ ਦੀ ਮਦਦ ਨਾਲ ਉਸ ਨੂੰ ਵਿਕਟੋਰੀਆ ਖਾਨਦਾਨ ਦੀ ਸੂਹ ਮਿਲ ਜਾਂਦੀ ਹੈ।ਤਾਰਾ ਸਿੰਘ ਤੇ ਵਕਟੋਰੀਆ ਸਕੌਟ ਦੀਆਂ ਚੌਥੀ ਪੀੜ੍ਹੀ ਦੀਆਂ ਸੰਤਾਨਾਂ ਵਿੱਚ ਸੰਪਰਕ ਇਕ ਕਰਿਸ਼ਮੇ ਵਾਂਗ ਜਾਪਦਾ ਹੈ।ਨਾਵਲਕਾਰ ਨੂੰ ਵਿਕਟੋਰੀਆ ਦੇ ਜਾਨਸ਼ੀਨਾਂ ਤੋਂ ਪਤਾ ਲਗਦਾ ਹੈ ਕਿ ਵਿਕਟੋਰੀਆ ਸਕੌਟ ਸੱਤਰ ਸਾਲਾਂ ਦੀ ਉਮਰ ਤੱਕ ਲਖਨਊ ਵਿਚ ਰਹੀ ਸੀ।ਪਤੀ ਦੀ ਮੌਤ ਉਪਰੰਤ ਉਹ ਲੋਕ ਭਲਾਈ ਨੂੰ ਸਮਰਪਿਤ ਰਹੀ ਅਤੇ ਉਸ ਨੇ ਲਖਨਊ ਵਿਚ ਗਰੀਬ ਬੱਚਿਆਂ ਅਤੇ ਅਬਲਾ ਔਰਤਾਂ ਲਈ ਮੁਫ਼ਤ ਪੜ੍ਹਾਈ ਦੇ ਸਕੂਲ ਚਲਾਏ।

ਨਾਵਲ ਵਿਚ ਤਾਰਾ ਸਿੰਘ ਤੇ ਵਿਕਟੋਰੀਆ ਸਕੌਟ ਦੀ ਚੌਥੀ ਪੀੜ੍ਹੀ ਦੇ ਵਾਰਸਾਂ ਵੱਲੋਂ ਵਿਆਹ ਬੰਧਨ ਵਿਚ ਪਰੋਏ ਜਾਣ ਦਾ ਪ੍ਰਸੰਗ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।ਦੋਵਾਂ ਪਰਿਵਾਰਾਂ ਦਾ ਨਿੱਘ ਤਾਰਾ ਨਾਮ ਰੱਖਣ ਅਤੇ ਵਿਆਹ ਕਰਾਉਣ ਦੇ ਵੇਰਵਿਆਂ ਨਾਲ ਹੋਰ ਪੁਖ਼ਤਾ ਹੁੰਦਾ ਹੈ।ਤਾਰਾ, ਆਰਥਰ ਸਕੌਟ ਦੀ ਬੇਟੀ ਹੈ।ਜਦਕਿ ਜੀਤ ਸਿੰਘ ਤਾਰਾ ਸਿੰਘ ਦੀ ਪੋਤਰੀ ਦਾ ਪੁੱਤਰ ਹੈ।ਸੋ ਇਹ ਵਿਆਹ ਵਿਕਟੋਰੀਆ ਦੀ ਪੜਪੋਤਰੀ ਤਾਰਾ ਅਤੇ ਤਾਰਾ ਸਿੰਘ ਦੇ ਪੜਦੋਹਤਰੇ ਜੀਤ ਸਿੰਘ ਦਾ ਸੀ।ਦਰਅਸਲ ਇਹ ਸੰਬੰਧ ਮਾਤ-ਭੂਮੀ ਤੋਂ ਹਜ਼ਾਰਾਂ ਮੀਲ ਦੂਰ ਕੋਈ ਡੇਢ ਸਦੀ

ਪੁਰਾਣੇ ਸੰਬੰਧ ਨੂੰ ਮੁੜ ਤੋਂ ਜੋੜਨ ਲਈ ਇਕ ਅਹਿਮ ਕੜੀ ਬਣਦਾ ਹੈ।ਜੋ ਦੋਹਾਂ ਪਰਿਵਾਰਾਂ ਦੀ ਇਕ ਮਹਾਨ ਪ੍ਰਾਪਤੀ ਵੱਲ ਸੰਕੇਤ ਕਰਦਾ ਹੈ।

ਉੱਤਮ ਪੁਰਖੀ ਪਾਤਰ ਲੰਡਨ ਵਿਚ 52 ਦਿਨ ਗੁਜ਼ਾਰਨ ਮਗਰੋਂ ਮੁੜ ਤੋਂ ਭਾਰਤ ਦਾ ਰੁੱਖ ਕਰਦਾ ਹੈ।ਭਾਵੇਂ ਵਿਦੇਸ਼ ਜਾਣ ਦਾ ਉਸ ਦਾ ਮਕਸਦ ਬੈਂਕ ਦਾ ਸਰਕਾਰੀ ਦੌਰਾ ਸੀ, ਪਰ ਇਥੇ ਵੀ ਉਹ ਆਪਣੀ ਖੋਜ ਦੇ ਮਿਸ਼ਨ ਨੂੰ ਹੀ ਸਮਰਪਿਤ ਰਿਹਾ।ਉਹ ਉਥੋਂ ਵਿਕਟੋਰੀਆ ਸਕੌਟ ਦੀਆਂ ਡਾਇਰੀਆਂ ਨਾਲ ਲੈ ਕੇ ਵਾਪਸ ਆਉਂਦਾ ਹੈ।ਇਨ੍ਹਾਂ ਨੂੰ ਪੜ੍ਹਨ ਦਾ ਅਹਿਦ ਵੀ ਲੈਂਦਾ ਹੈ।ਉਸ ਨੂੰ ਤਾਰਾ ਸਿੰਘ ਤੇ ਵਿਕਟੋਰੀਆ ਸਕੌਟ ਦੇ ਸਮਕਾਲੀ ਹੋਣ ਅਤੇ ਇਕੋ ਸਮੇਂ ਅੰਦਰ ਡਾਇਰੀਆਂ ਲਿਖਣ ਦਾ ਆਭਾਸ ਹੈ।ਉਸ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਜਦੋਂ ਇਹ ਡਾਇਰੀਆਂ ਲਿਖੀਆਂ ਜਾ ਰਹੀਆਂ ਸਨ ਤਾਂ ਉਹ ਦੋਵੇਂ ਅਜਨਬੀ ਇਕ-ਦੂਜੇ ਤੋਂ ਅਣਜਾਨ ਸਨ।ਡਾਇਰੀਆਂ ਦੇ ਸਮਾਨਾਂਤਰ ਅਧਿਐਨ ਰਾਹੀਂ ਲੇਖਕ ਤਾਰਾ ਸਿੰਘ ਤੇ ਵਿਕਟੋਰੀਆ ਸਕੌਟ ਦੇ ਸੰਬੰਧਾਂ ਬਾਰੇ ਜਾਣਨ ਦਾ ਵੀ ਇਛੁਕ ਹੈ।ਉਹ ਬੀਬੀ ਜੀ, ਜੀਤ ਸਿੰਘ, ਤਾਰਾ ਅਤੇ ਉਨ੍ਹਾਂ ਦੀ ਬੇਟੀ ਸਿਮਰਨ ਵੱਲੋਂ ਕੀਤੀ ਮੇਜ਼ਬਾਨੀ ਲਈ ਆਭਾਰ ਪ੍ਰਗਟਾਉਂਦਾ ਹੈ। ਤਾਰਾ ਸਿੰਘ ਦੇ ਵੇਲੇ ਦਾ ਕਾਬੁਲ' ਕਾਂਡ ਵਿਚ ਅਫ਼ਗਾਨਿਸਤਾਨ ਦੇ ਇਤਿਹਾਸ ਤੇ ਰਾਜਨੀਤਕ ਵੇਰਵਿਆਂ ਦੀ ਤਫ਼ਸੀਲ ਮੌਜੂਦ ਹੈ।ਇਥੋਂ ਨਾਵਲਕਾਰ ਤਾਰਾ ਸਿੰਘ ਦੀਆਂ ਡਾਇਰੀਆਂ ਨੂੰ ਮੁੜ ਤੋਂ ਵਾਚਣਾ ਸ਼ੁਰੂ ਕਰਦਾ ਹੈ।ਇਥੇ ਫਿਰ ਉਹ ਸੰਬੋਧਨੀ ਸ਼ੈਲੀ ਰਾਹੀਂ 'ਪਾਠਕਾਂ ਨੂੰ ਯਾਦ ਹੋਵੇਗਾ' ਤੁਕ ਰਾਹੀਂ ਉਨ੍ਹਾਂ ਨੂੰ ਤਾਰਾ ਸਿੰਘ ਦੇ ਸੱਤ ਅਗਸਤ 1939 ਨੂੰ 'ਸਿੰਧ ਦੀ ਫ਼ੌਜ' ਨਾਲ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਪਹੁੰਚਣ ਦਾ ਚੇਤਾ ਕਰਾਉਂਦਾ ਹੈ।ਉਹ ਡਾਇਰੀਆਂ ਪੜ੍ਹਨ ਦੀ ਆਪਣੀ ਨਿਸ਼ਠਾ ਨੂੰ ਹੋਰ ਪਕੇਰਾ ਕਰਦਾ ਹੈ।ਉਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਅਫ਼ਗਾਨਿਸਤਾਨ ਉੱਪਰ ਕਾਬਜ਼ ਸ਼ਾਹ ਸ਼ੁਜਾ ਅਫ਼ਗਾਨਿਸਤਾਨ ਦੇ ਸਾਦੋਜ਼ਾਈ ਕਬੀਲੇ ਨਾਲ ਸੰਬੰਧਤ ਸੀ।ਫ਼ਿਰੰਗੀਆਂ ਦੀ ਹਿਮਾਇਤ ਨਾਲ ਗੱਦੀ ਹਾਸਲ ਕਰਨ ਕਰਕੇ ਉਸ ਦੇ ਕਬੀਲੇ ਦੇ ਲੋਕ ਉਸ ਤੋਂ ਨਾਰਾਜ਼ ਸਨ।ਜਦਕਿ ਇਸ ਤੋਂ ਪਹਿਲਾਂ ਉਸ ਨੂੰ ਗੱਦੀ ਤੋਂ ਉਤਾਰਨ ਵਾਲਾ ਅਮੀਰ ਦੋਸਤ ਮੁਹੰਮਦ ਬਾਰਕਜ਼ਾਈ ਕਬੀਲੇ ਤੋਂ ਸੀ।ਦੋਵਾਂ ਕਬੀਲਿਆਂ ਦੇ ਸੰਬੰਧਾਂ ਨੂੰ ਫਰੋਲਦਾ ਨਾਵਲਕਾਰ ਲਿਖਦਾ ਹੈ,"ਫ਼ੌਜੀ ਸਿਪਾਹੀਆਂ ਵਿਚ ਇਹ ਵੀ ਅਫ਼ਵਾਹ ਸੀ ਕਿ ਸ਼ਾਹ ਸ਼ੁਜਾ ਨੇ ਕਈ ਬਾਰਕਜ਼ਾਈਆਂ ਨੂੰ ਕਾਬੁਲ ਵਿਚ ਵਾਪਸ ਬੁਲਾ ਲਿਆ ਸੀ।ਕਈ ਸਿਆਣੇ ਕਾਬੁਲ ਨਿਵਾਸੀ ਇਸ ਨੂੰ ਸ਼ਾਹ ਸ਼ੁਜਾ ਦੀ ਗਲਤੀ ਮੰਨਦੇ ਸਨ।ਉਹਨਾਂ ਦਾ ਕਹਿਣਾ ਸੀ ਕਿ ਪਿਛਲੀਆਂ ਦੋ ਪੀੜ੍ਹੀਆਂ ਤੋਂ ਬਾਰਕਜ਼ਾਈਆਂ ਅਤੇ ਸਾਦੋਜ਼ਾਈਆਂ ਵਿਚ ਦੁਸ਼ਮਣੀ ਚਲਦੀ ਆ ਰਹੀ ਸੀ।ਦੋਹਾਂ ਕਬੀਲਿਆਂ ਵਿਚ ਪੁਰਾਣਾ ਵੈਰ ਸੀ ਜੋ ਸਮੇਂ ਨਾਲ ਬੜਾ ਡੂੰਘਾ ਹੋ ਚੁੱਕਾ ਸੀ।ਇਹਨਾਂ ਦੋਹਾਂ ਵਿਚ ਸੁਲਹ ਸਫ਼ਾਈ ਨਾਮੁਮਕਿਨ ਸੀ।ਸਿਆਣਿਆਂ ਦਾ ਕਹਿਣਾ ਸੀ ਕਿ ਮੌਕਾ ਪੈਣ ਤੇ ਬਾਰਕਜ਼ਾਈ ਆਪਣੇ ਵੈਰੀ ਸਾਦੋਜ਼ਾਈ ਸ਼ਾਹ ਸ਼ੁਜਾ ਉੱਤੇ ਵਾਰ ਕਰਨਗੇ।ਸ਼ਾਹ ਸ਼ੁਜਾ ਦੇ ਆਪਣੇ ਸਲਾਹਕਾਰਾਂ ਵਿਚੋਂ ਵੀ ਕਈਆਂ ਨੇ ਇਸ ਪੱਖ ਵੱਲ ਉਸ ਦਾ ਧਿਆਨ ਦਿਵਾਇਆ ਸੀ ਪਰ ਸ਼ਾਹ ਸ਼ੁਜਾ ਨੇ ਇਸ ਖਿਆਲ ਨੂੰ ਨਕਾਰ ਦਿੱਤਾ।"[10] ਤਾਰਾ ਸਿੰਘ ਨੂੰ ਦੋਸਤ ਮੁਹੰਮਦ ਨੂੰ ਫੜਨ ਵਾਲੇ ਦਸਤੇ ਵਿਚ ਸ਼ਾਮਲ ਕੀਤਾ ਗਿਆ ਸੀ।ਹਿੰਦੁਸਤਾਨ ਵਿਚ ਈਸਟ ਇੰਡੀਆਂ ਕੰਪਨੀ ਦਾ ਗਵਰਨਰ ਜਨਰਲ

ਔਕਲੈਂਡ ਸਿੰਧ ਦੀ ਫ਼ੌਜ ਰਾਹੀਂ ਅਫ਼ਗਾਨਿਸਤਾਨ ਉੱਪਰ ਨਜ਼ਰ ਰੱਖ ਰਿਹਾ ਸੀ।ਅਮੀਰ ਦੋਸਤ ਮੁਹੰਮਦ ਨੇ ਆਤਮ ਸਮਰਪਣ ਕਰ ਦਿੱਤਾ ਸੀ।ਇਸ ਉਪਰੰਤ ਉਸ ਨੂੰ ਦੇਸ਼ ਨਿਕਾਲਾ ਦੇ ਕੇ ਹਿੰਦੁਸਤਾਨ ਭੇਜ ਦਿੱਤਾ ਗਿਆ।ਇਸ ਉਪਰੰਤ ਉਸ ਦੇ ਪੁੱਤਰ ਅਕਬਰ ਖਾਂ ਨੇ ਹਕੂਮਤ ਲਈ ਕਈ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ। ਫ਼ਿਰੰਗੀਆਂ ਨੇ ਆਪਣੇ ਅਫ਼ਸਰਾਂ ਮੈਕਨੋਟਨ, ਸਿਕੰਦਰ ਬਰਨਜ਼ ਤੇ ਐਲਫ਼ਿਨਸਟਨ ਨੂੰ ਕਾਬੁਲ ਵਿਚ ਤਾਇਨਾਤ ਕੀਤਾ ਹੋਇਆ ਸੀ।ਅੰਗਰੇਜ਼ ਅਫ਼ਸਰਾਂ ਨੇ ਜਦ ਆਯਾਸ਼ੀ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਤਾਂ ਅਫ਼ਗਾਨੀਆਂ ਨੇ ਪਹਿਲੇ ਦੋਵਾਂ ਅਫ਼ਸਰਾਂ ਨੂੰ ਮਾਰ ਮੁਕਾਇਆ।

'ਸਿੰਧ ਦੀ ਫ਼ੌਜ ਦੀ ਕਾਬੁਲ ਤੋਂ ਵਾਪਸੀ' ਦਾ ਦ੍ਰਿਸ਼ ਬਹੁਤ ਕਰੁਣਾਮਈ ਹੈ।ਅਫ਼ਗਾਨਿਸਤਾਨ ਦੇ ਨਾਜ਼ੁਕ ਹਾਲਾਤ ਦੇ ਮੱਦੇਨਜ਼ਰ ਔਕਲੈਂਡ ਨੇ ਆਪਣੀ ਸਿੰਧ ਦੀ ਫ਼ੌਜ ਨੂੰ ਵਾਪਸ ਹਿਦੁਸਤਾਨ ਬੁਲਾ ਲਿਆ ਸੀ।ਛੇ ਜਨਵਰੀ 1842 ਨੂੰ ਜਦੋਂ ਅੰਗਰੇਜ਼ੀ ਫ਼ੌਜ ਕਾਬੁਲ ਦੀ ਛਾਉਣੀ ਤੋਂ ਰਵਾਨਾ ਹੋਈ ਤਾਂ ਇਸ ਵਿਚ ਸਿਪਾਹੀ, ਘੁੜਸਵਾਰ, ਪੈਦਲ ਫ਼ੌਜ, ਨੌਕਰ, ਮਜ਼ਦੂਰ, ਸੇਵਾਦਾਰ ਅਤੇ ਮਾਤਹਿਤਾਂ ਸਮੇਤ ਕੁਲ ਨਫ਼ਰੀ ਸਾਢੇ ਅਠਾਰਾਂ ਹਜ਼ਾਰ ਸੀ।ਤਾਰਾ ਸਿੰਘ ਇਸ ਵਿਚ ਸ਼ਾਮਲ ਸੀ।ਰਸਤੇ ਵਿਚ ਉਸ ਨੂੰ ਵੱਖੀ ਵਿਚ ਗੋਲੀ ਲੱਗੀ ਸੀ।ਪਰ ਉਹ ਬਚ ਗਿਆ ਸੀ ਤੇ ਉਸ ਦਾ ਘੋੜਾ ਗੋਲੀ ਲੱਗਣ ਨਾਲ ਮਰ ਗਿਆ ਸੀ।ਤਾਰਾ ਸਿੰਘ ਪਹਾੜ ਦੀ ਇਕ ਤੰਗ ਵਿੱਥ ਵਿਚੋਂ ਬੜੀ ਮੁਸ਼ਕਿਲ ਨਾਲ ਉੱਪਰ ਪਹੁੰਚ ਸਕਿਆ ਸੀ।

ਨਾਵਲ ਵਿਚ ਕਾਬੁਲ ਦਾ ਦ੍ਰਿਸ਼ ਵਰਣਨ ਬਹੁਤ ਆਕਰਸ਼ਕ ਢੰਗ ਨਾਲ ਕੀਤਾ ਹੈ।ਤਾਰਾ ਸਿੰਘ ਦੀ ਡਾਇਰੀ ਉਪਰ ਆਧਾਰਿਤ ਇਹ ਜਾਣਕਾਰੀ ਹੋਰ ਵੀ ਰੌਚਕ ਢੰਗ ਨਾਲ ਪਾਠਕਾਂ ਤੱਕ ਪਹੁੰਚੀ ਹੈ।ਕਾਬੁਲ ਦੇ ਬਾਜ਼ਾਰ ਦੀ ਤਸਵੀਰਕਸ਼ੀ ਕਰਦਾ ਨਾਵਲਕਾਰ ਲਿਖਦਾ ਹੈ,"ਕਾਬੁਲ ਵਿਚ ਇੱਟਾਂ ਨਾਲ ਉੱਸਰੇ ਬਾਜ਼ਾਰ ਸਨ।ਬਾਜ਼ਾਰ ਕਿੱਤਿਆਂ ਅਤੇ ਵਸਤਾਂ ਦੇ ਹਿਸਾਬ ਬਣੇ ਸਨ।ਇਕ ਬਾਜ਼ਾਰ ਸ਼ਾਲਾਂ ਦੇ ਵਪਾਰੀਆਂ ਦਾ ਸੀ।ਦੂਸਰਾ ਫ਼ਲਾਂ ਦਾ, ਸੁੱਕਿਆਂ ਮੇਵਿਆਂ ਦਾ, ਬਾਦਾਮਾਂ ਦਾ, ਕਿਸ਼ਮਿਸ਼ ਦਾ, ਨਿਓਜ਼ਿਆਂ ਦਾ, ਹਿੰਦੁਸਤਾਨ ਤੋਂ ਆਏ ਗਰਮ ਮਸਾਲਿਆਂ ਦਾ, ਇੱਤਰਾਂ ਅਤੇ ਗੁਲਾਬ ਜਲ ਦਾ ਸੀ।ਤੀਸਰਾ ਬੁਖਾਰੇ ਤੋਂ ਮੰਗਵਾਏ ਰੇਸ਼ਮ ਅਤੇ ਪੱਟ ਅਤੇ ਰੂਸ ਤੋਂ ਆਈ ਚਾਹ ਦਾ ਸੀ।ਕੋਈ ਬਾਜ਼ਾਰ ਲਖਨਊ ਤੋਂ ਆਏ ਕਢਾਈ ਕੀਤੇ ਚਿਕਨ ਦੇ ਕਪੜੇ ਦਾ ਸੀ, ਕੋਈ ਤਾਰਤਾਰ ਤੋਂ ਆਈਆਂ ਖੱਲਾਂ ਦਾ, ਕੋਈ ਚੀਨ ਤੋਂ ਆਏ ਚਿੱਟੇ ਕੱਚ ਦੇ ਸਮਾਨ ਅਤੇ ਰੇਸ਼ਮ ਦਾ, ਕੋਈ ਇਸਫ਼ਾਹਾਨ ਤੋਂ ਤੇਜ਼ ਧਾਰ ਵਾਲੇ ਚਾਕੂਆਂ, ਖੰਜਰਾਂ, ਕਟਾਰਾਂ, ਤਲਵਾਰਾਂ ਅਤੇ ਗੁਪਤੀਆਂ ਦਾ।"[11]

ਮਾਨਵੀ ਆਧਾਰ ਉੱਪਰ ਅਫ਼ਗਾਨਿਸਤਾਨ ਵਿਚ ਹਕੀਮ ਦੀ ਭੂਮਿਕਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ।ਉਹ ਤਾਰਾ ਸਿੰਘ ਤੇ ਵਿਕਟੋਰੀਆ ਦਾ ਇਲਾਜ ਕਰਦਾ ਹੈ।ਉਹ ਆਪਣੇ ਬਾਰੇ ਇਕ ਈਮਾਨਦਾਰਾਨਾ ਟਿੱਪਣੀ ਕਰਦਾ ਹੋਇਆ ਕਹਿੰਦਾ ਹੈ,"ਮੈਂ ਤੀਹ ਸਾਲ ਦਿੱਲੀ ਰਿਹਾ ਹਾਂ।ਮੈਂ ਤੁਹਾਡੇ ਮੁਲਕ ਦੀ ਸਰਜ਼ਮੀਨ ਦਾ ਅੰਮ੍ਰਿਤ ਵਰਗਾ ਮਿੱਠਾ ਪਾਣੀ ਪੀਤਾ ਹੈ।ਉਸ ਬਹਿਸ਼ਤ ਵਰਗੇ ਮੁਲਕ ਦੀਆਂ ਹਵਾਵਾਂ ਵਿਚ ਮੈਂ ਸਾਹ ਲਏ ਹਨ।ਉਥੋਂ ਦਾ ਅੰਨ ਅਤੇ ਨਮਕ

ਖਾਧਾ ਹੈ।ਮੈਂ ਅੱਜ ਜੋ ਵੀ ਹਾਂ ਉਹ ਉਸ ਸਰਜ਼ਮੀਨ ਦੀਆਂ ਮਿਹਰਬਾਨੀਆਂ ਅਤੇ ਬਰਕਤਾਂ ਕਰਕੇ ਹੀ ਹਾਂ।ਮੈ ਤੁਹਾਡੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਵੇਖੀ ਹੈ ਅਤੇ ਭੋਗੀ ਵੀ ਹੈ।ਤੁਹਾਡੀ ਦੋਸਤੀ ਅਤੇ ਦਰਿਆਦਿਲੀ ਵੇਖੀ ਹੈ।ਤੁਸੀਂ ਲੋਗ ਤਾਂ ਕਿਸੇ ਨੂੰ ਵੀ ਓਪਰਾ ਨਹੀਂ ਜਾਣਦੇ।ਪਤਾ ਨਹੀਂ ਕਿੰਨਿਆਂ ਮੁਲਕਾਂ, ਤਹਿਜ਼ੀਬਾਂ, ਮਜ਼ਹਬਾਂ, ਰੰਗਾਂ ਅਤੇ ਫ਼ਿਰਕਿਆਂ ਦੇ ਲੋਗ ਹਿੰਦੁਸਤਾਨ ਵਿਚ ਵੱਸਦੇ ਹਨ।ਉਹਨਾਂ ਸਭਨਾਂ ਦੇ ਦਿਲਾਂ ਵਿਚ ਹਿੰਦੁਸਤਾਨ ਸਮਾਇਆ ਹੋਇਆ ਹੈ ਅਤੇ ਹਿੰਦੁਸਤਾਨ ਦੇ ਚੌੜੇ ਹਿਰਦੇ ਵਿਚ ਉਹ ਸਭ ਸਮਾਏ ਹੋਏ ਹਨ।ਹਿੰਦੁਸਤਾਨ ਇਕ ਅਜਿਹਾ ਵਿਸ਼ਾਲ ਸਮੁੰਦਰ ਹੈ ਜੋ ਕਿਸੇ ਵੀ ਦਰਿਆ ਨੂੰ ਆਪਣੇ ਵਿਚ ਆਉਣ ਅਤੇ ਸਮਾ ਜਾਣ ਤੋਂ ਮਨ੍ਹਾਂ ਨਹੀਂ ਕਰਦਾ।ਅਸੀਂ ਤੁਹਾਡਾ ਪਾਸ਼ਕੂ ਵੀ ਨਹੀਂ ਹਾਂ ਤੁਸੀਂ ਬਿਲਕੁਲ ਤੌਖਲਾ ਨਾ ਕਰੋ। ਮੈਂ ਅਤੇ ਮੇਰੇ ਘਰ ਦੇ ਜੀਅ ਅਸੀਂ ਸਾਰੇ ਤੁਹਾਡੇ ਖਿਦਮਤਦਾਰ ਹਾਂ।ਮੇਰੀ ਖ਼ੁਸ਼ਕਿਸਮਤੀ ਹੈ ਕਿ ਉੱਪਰ ਵਾਲੇ ਨੇ ਤੁਹਾਨੂੰ ਮੇਰੇ ਘਰ ਭੇਜ ਕੇ ਮੈਨੂੰ ਤੁਹਾਡੀ ਖਿਦਮਤ ਕਰਨ ਦਾ ਮੌਕਾ ਦਿੱਤਾ ਹੈ।"[12]

ਤਾਰਾ ਸਿੰਘ ਕਾਬੁਲੀ ਨੂੰ ਜਦੋਂ ਵਿਕਟੋਰੀਆ ਸਕੌਟ ਮਿਲੀ ਸੀ ਤਾਂ ਉਹ ਗਰਭਵਤੀ ਸੀ।ਇਕ ਅਫ਼ਗਾਨੀ ਦੇ ਹਮਲੇ ਨਾਲ ਉਸ ਦਾ ਪੱਟ ਜ਼ਖ਼ਮੀ ਹੋ ਚੁੱਕਾ ਸੀ।ਤਾਰਾ ਸਿੰਘ ਦੀ ਆਪਣੀ ਵੱਖੀ ਵਿਚ ਵੀ ਗੋਲੀ ਲੱਗੀ ਹੋਈ ਸੀ।ਹਿੰਦੁਸਤਾਨ ਨੂੰ ਪਰਤਦੇ ਹੋਏ ਉਹ ਉਸ ਨੂੰ ਇਕ ਅਫ਼ਗਾਨ ਪਿੰਡ ਵਿਚ ਲੈ ਜਾਂਦਾ ਹੈ।ਉਥੋਂ ਦਾ ਉਪਰੋਕਤ ਹਕੀਮ ਆਪਣਾ ਫ਼ਰਜ਼ ਤਾਂ ਨਿਭਾਉਂਦਾ ਹੀ ਹੈ।ਇਸ ਦੇ ਨਾਲ ਹੀ ਇਕ ਅਫ਼ਗਾਨ ਔਰਤ ਵੀ ਵਿਕਟੋਰੀਆ ਦੀ ਗਰਭ ਅਵਸਥਾ ਵਿਚ ਉਸ ਦੀ ਦੇਖਭਾਲ ਕਰਦੀ ਹੈ।ਤਾਰਾ ਸਿੰਘ ਹੈਰਾਨੀ ਵਿਚ ਅਫ਼ਗਾਨਾਂ ਦਾ ਅਫ਼ਗਾਨਾਂ ਨਾਲ ਅੰਤਰ ਦਰਸਾਉਂਦਾ ਹੋਇਆ ਸੋਚਦਾ ਹੈ,"ਕਿੱਥੇ ਤਾਂ ਉਹ ਅਫ਼ਗਾਨ ਸਨ ਜੋ ਉਹਨਾਂ ਦੀ ਜਾਨ ਦੇ ਧਿਆਏ ਸਨ ਅਤੇ ਕਿੱਥੇ ਇਹ ਅਫ਼ਗਾਨ ਸਨ ਜਿਨ੍ਹਾਂ ਨੇ ਉਹਨਾਂ ਨੂੰ ਅਣਪਛਾਤੇ ਅਤੇ ਅਣਜਾਨ ਜਾਣਦਿਆਂ ਹੋਇਆਂ ਵੀ ਆਪਣੇ ਗਲੇ ਲਾਇਆ ਸੀ।ਉਸ ਨੇ ਅਫ਼ਗਾਨਾਂ ਦੀਆਂ ਮਹਿਮਾਨ ਨਿਵਾਜ਼ੀ ਦੀਆਂ ਗੱਲਾਂ ਸੁਣੀਆਂ ਸਨ ਪਰ ਉਸ ਨੇ ਅੱਜ ਉਹਨਾਂ ਦੀ ਮਹਿਮਾਨ ਨਿਵਾਜ਼ੀ ਨੂੰ ਆਪ ਚੱਖਿਆ ਸੀ।ਇਕ ਬਿਲਕੁਲ ਅਜਨਬੀ ਅਫ਼ਗਾਨ ਔਰਤ ਨੇ ਉਹਨਾਂ ਨੂੰ ਆਪਣੇ ਘਰ ਵਿਚ ਸ਼ਰਨ ਦਿੱਤੀ ਸੀ।ਉਸ ਨੇ ਇਕ ਔਰਤ ਹੁੰਦਿਆਂ ਹੋਇਆਂ ਝੱਟਪੱਟ ਪਛਾਣ ਲਿਆ ਸੀ ਕਿ ਉਸ ਦੇ ਘਰ ਦੇ ਸਾਹਮਣੇ ਤੋਂ ਸਫ਼ਰ ਕਰਦੀ ਲੰਘ ਰਹੀ ਔਰਤ ਕਸ਼ਟ ਵਿਚ ਸੀ ਅਤੇ ਉਸ ਨੂੰ ਮਦਦ ਦੀ ਲੋੜ ਸੀ।ਉਸ ਪਾਕ ਅਤੇ ਸਾਫ਼ ਦਿਲ ਵਾਲੀ ਔਰਤ ਨੇ ਝੱਟਪੱਟ ਆਪਣੇ ਘਰ ਦੇ ਦਰਵਾਜ਼ੇ ਉਹਨਾਂ ਲਈ ਖੋਹਲ ਦਿੱਤੇ ਸਨ।ਬਿਲਕੁਲ ਕੋਈ ਝਿਜਕ ਨਹੀਂ ਕੀਤੀ ਸੀ।ਅਜੇਹਾ ਕਰਨ ਤੋਂ ਪਹਿਲਾਂ ਉਸ ਨੇ ਪੁੱਛਿਆ ਤੱਕ ਨਹੀਂ ਸੀ ਕਿ ਉਹ ਕੌਣ ਸਨ, ਕਿਥੋਂ ਆਏ ਸਨ, ਕਿੱਧਰ ਜਾ ਰਹੇ ਸਨ।" [13]

ਤਾਰਾ ਸਿੰਘ ਵੱਲੋਂ ਇਕ ਦਸੰਬਰ 1842 ਈ. ਨੂੰ ਅੰਗਰੇਜ਼ੀ ਫ਼ੌਜ ਦੀ ਨੌਕਰੀ ਛੱਡਣ ਦੀ ਸੂਚਨਾ ਉਪਰੰਤ ਨਾਵਲ ਹੋਰ ਗੰਭੀਰ ਤੇ ਸੰਘਣਾ ਹੋ ਜਾਂਦਾ ਹੈ।ਪਹਿਲਾਂ ਉਹ ਲਾਹੌਰ ਜਾਂਦਾ ਹੈ।ਉਥੇ ਉਸ ਦਾ ਦਿਲ ਨਹੀਂ ਲਗਦਾ ਤਾਂ ਉਹ ਆਪਣੇ ਪਿੰਡ ਸਰ ਅਮਾਨਤ ਖਾਂ ਰਹਿਣ ਲੱਗਦਾ ਹੈ।ਉਹ ਘੋੜੇ ਪਾਲਣ ਦਾ ਕੰਮ ਸ਼ੁਰੂ ਕਰਦਾ ਹੈ।ਉਹ ਇਸ ਕੰਮ

ਵਿਚ ਵੀ ਆਪਣੀ ਮੁਹਾਰਤ ਦਾ ਪ੍ਰਗਟਾਵਾ ਕਰਦਾ ਹੈ।ਉਹ ਕਾਬੁਲੀ ਘੋੜੇ ਪਾਲਦਾ ਹੈ।ਕਾਬੁਲੀ ਘੋੜੇ ਪਾਲਣ ਕਰਕੇ ਲੋਕ ਉਸ ਦੇ ਨਾਂ ਨਾਲ ਕਾਬੁਲੀ ਲਾਉਣ ਲੱਗ ਜਾਂਦੇ ਹਨ।ਕਈ ਤਾਂ ਉਸ ਨੂੰ ਸਿਰਫ਼ ਕਾਬੁਲੀ ਹੀ ਕਹਿ ਕੇ ਬੁਲਾਉਂਦੇ ਹਨ।ਪਿੰਡ ਆ ਕੇ ਤਾਰਾ ਸਿੰਘ ਨੇ ਵਿਆਹ ਕਰਵਾ ਲਿਆ ਸੀ।ਉਸ ਦੇ ਇਕ ਪੁੱਤਰ ਹੋਇਆ ਜਿਸ ਦਾ ਨਾਂ ਲਾਭ ਸਿੰਘ ਸੀ।ਲਾਭ ਸਿੰਘ ਵੀ ਘੋੜੇ ਪਾਲਣ ਦੇ ਕੰਮ ਵਿਚ ਲੱਗ ਗਿਆ ਸੀ।ਉਸ ਨੂੰ ਆਪਣੇ ਚਾਚਾ ਕੋਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੂਨ 1839 ਵਿਚ ਮਰ ਜਾਣ ਮਗਰੋਂ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਮਿਲਦੀ ਹੈ।ਨਾਵਲਕਾਰ ਨੇ ਤਾਰਾ ਸਿੰਘ ਦੀ ਡਾਇਰੀ ਬਾਰੇ ਤੱਥ ਸਾਂਝਾ ਕਰਦਿਆਂ ਲਿਖਿਆ ਹੈ ਕਿ ਪਿੰਡ ਆ ਕੇ ਵੀ ਉਹ ਡਾਇਰੀ ਲਿਖਦਾ ਰਿਹਾ।ਪਰ ਹੁਣ ਉਹ ਕਦੇ-ਕਦੇ ਹੀ ਲਿਖਦਾ ਸੀ।ਡਾਇਰੀ ਵਿਚ 1885 ਤੋਂ ਬਾਅਦ ਦੀ ਕੋਈ ਲਿਖਤ ਨਹੀਂ ਮਿਲਦੀ।

ਵਿਕਟੋਰੀਆ ਦੀ ਮਨੋ-ਸਥਿਤੀ ਦਾ ਬਿਰਤਾਂਤ ਇਸ ਨਾਵਲ ਵਿਚ ਰੌਚਕ ਵੇਰਵੇ ਜੋੜਦਾ ਹੈ।ਵਿਕਟੋਰੀਆ ਲਖਨਊ ਵਿਚ ਆਪਣੇ ਪੁੱਤਰ ਐਡਮ ਨਾਲ ਰਹਿ ਰਹੀ ਸੀ।ਉਸ ਨੂੰ ਜਾਪਦਾ ਸੀ ਕਿ ਸਰਕਾਰ ਤਾਰਾ ਸਿੰਘ ਦੀ ਬਹਾਦਰੀ ਦੇ ਮੱਦੇਨਜ਼ਰ ਉਸ ਦੀ ਫ਼ੌਜ ਵਿਚ ਨੌਕਰੀ ਬਰਕਰਾਰ ਰੱਖੇਗੀ।ਪਰ ਸਭ ਇਸ ਦੇ ਉਲਟ ਵਾਪਰਦਾ ਹੈ।ਉਸ ਨੇ ਸਰਕਾਰ ਤੇ ਕੁਝ ਹਮਾਇਤੀ ਫ਼ੌਜੀਆਂ ਦੀ ਮਦਦ ਨਾਲ ਇਕ ਸਕੂਲ ਸ਼ੁਰੂ ਕਰ ਲਿਆ ਸੀ।ਪਰ 1857 ਦੀਆਂ ਹਿਸਕ ਘਟਨਾਵਾਂ ਕਾਰਨ ਇਹ ਸਕੂਲ ਵੀ ਕਾਫ਼ੀ ਦੇਰ ਬੰਦ ਰਿਹਾ ਸੀ।ਇਸ ਸਮੇਂ ਤੱਕ ਵਿਕਟੋਰੀਆ ਦੇ ਪੁੱਤਰ ਐਡਮ ਦੀ ਪੜ੍ਹਾਈ ਖ਼ਤਮ ਹੋ ਚੁੱਕੀ ਸੀ।ਪਰ ਉਹ ਵਿਆਹ ਕਰਾਉਣ ਵਿਚ ਕੋਈ ਰੁਚੀ ਨਹੀਂ ਵਿਖਾ ਰਿਹਾ ਸੀ।ਸੱਤਰ ਸਾਲ ਦੀ ਉਮਰ ਵਿਚ ਵਿਕਟੋਰੀਆ ਸਕੌਟਲੈਂਡ ਵਾਪਸ ਜਾਣ ਦਾ ਮਨ ਬਣਾ ਲੈਂਦੀ ਹੈ।ਉਹ ਤਾਰਾ ਸਿੰਘ ਨੂੰ ਮਿਲ ਕੇ ਉਸ ਦੀਆਂ ਚੀਜ਼ਾਂ ਵਾਪਸ ਕਰਨਾ ਚਾਹੁੰਦੀ ਸੀ।ਦੂਜਾ, ਉਹ ਅੰਮ੍ਰਿਤਸਰ ਜਾ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੀ ਸੀ।ਲਾਹੌਰ ਪਹੁੰਚ ਕੇ ਉਹ ਤਾਂਗੇ ਰਾਹੀਂ ਤਾਰਾ ਸਿੰਘ ਦੇ ਪਿੰਡ ਸਰ ਅਮਾਨਤ ਖਾਂ ਪਹੁੰਚਣ ਦਾ ਪ੍ਰੋਗਰਾਮ ਬਣਾਉਂਦੀ ਹੈ।ਇਥੇ ਨਾਵਲਕਾਰ ਨੇ ਵਿਕਟੋਰੀਆ ਦੀ ਮਨੋ-ਸਥਿਤੀ ਨੂੰ ਇਕ ਭਾਵੁਕ ਅੰਦਾਜ਼ ਵਿਚ ਪੇਸ਼ ਕੀਤਾ ਹੈ।ਤਾਰਾ ਸਿੰਘ ਨੂੰ ਮਿਲਣ ਦੀ ਚਾਹਵਾਨ ਵਿਕਟੋਰੀਆ ਅਚਾਨਕ ਆਪਣਾ ਮਨ ਬਦਲ ਲੈਂਦੀ ਹੈ।ਉਸ ਨੂੰ ਜਾਪਦਾ ਹੈ ਕਿ ਤਾਰਾ ਸਿੰਘ ਦੀ ਗ੍ਰਹਿਸਥੀ ਜ਼ਿੰਦਗੀ ਵਿਚ ਵਿਘਣ ਪਾਉਣਾ ਠੀਕ ਨਹੀਂ ਹੋਵੇਗਾ।ਉਹ ਇਕ ਫ਼ੌਜੀ ਅਫ਼ਸਰ ਦੀ ਮਦਦ ਨਾਲ ਤਾਰਾ ਸਿੰਘ ਦਾ ਥੈਲਾ ਉਸ ਕੋਲ ਭੇਜਦੀ ਹੈ।ਇਸ ਪਿੱਛੇ ਮੁੱਖ ਕਾਰਨ ਤਾਰਾ ਸਿੰਘ ਦੀ ਵਸਦੀ-ਰਸਦੀ ਜ਼ਿੰਦਗੀ ਨੂੰ ਤਨਾਉ - ਮੁਕਤ ਰੱਖਣਾ ਹੈ।ਉਹ ਅਫ਼ਸਰ ਉਸ ਨੂੰ ਆ ਕੇ ਤਾਰਾ ਸਿੰਘ ਦੇ ਪੰਜ ਸਾਲ ਪਹਿਲਾਂ ਗੁਜ਼ਰ ਜਾਣ ਦੀ ਖ਼ਬਰ ਦਿੰਦਾ ਹੈ।ਵਿਕਟੋਰੀਆ ਇਸ ਸਦਮੇ ਨੂੰ ਆਪਣੇ ਪਤੀ ਵਿਲੀਅਮ ਦੀ ਮੌਤ ਵਾਲੇ ਸਦਮੇਂ ਵਾਂਗ ਹੀ ਮਹਿਸੂਸ ਕਰਦੀ ਹੈ।ਤਾਰਾ ਸਿੰਘ ਦੀ ਮੌਤ ਮਗਰੋਂ ਉਹ ਆਪਣੇ ਆਪ ਨੂੰ ਨਿਆਸਰਾ ਸਮਝਣ ਲੱਗਦੀ ਹੈ।ਕਿਉਂ ਕਿ ਉਹ ਤਾਰਾ ਸਿੰਘ ਨੂੰ ਇਕ ਵਾਰ ਜ਼ਰੂਰ ਮਿਲਣ ਦੇ ਸਹਾਰੇ ਹੀ ਜਿਉਂ ਰਹੀ ਸੀ।ਉਹ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਕੰਢੇ ਬੈਠ ਕੇ ਤਾਰਾ ਸਿੰਘ ਨੂੰ ਆਪਣੇ ਕੋਲ ਮਹਿਸੂਸ ਕਰਦੀ ਹੈ।ਇੱਥੇ ਨਾਵਲਕਾਰ ਇਕ ਮੋਨੋਲਾਗ ਦੀ ਜੁਗਤ ਰਾਹੀਂ ਇਕ ਫ਼ੈਂਟਸੀ ਸਿਰਜਦਾ ਹੈ।ਉਹ ਆਪੇ ਤੋਂ ਬਾਹਰ ਹੋ ਕੇ ਆਪਣੇ ਆਪ ਨੂੰ ਕਹਿ ਉੱਠਦੀ

ਹੈ,"ਵਿਕਟੋਰੀਆ, ਰੋਕ ਨਾ ਆਪਣੇ ਆਪ ਨੂੰ।ਰੋਂਦੇ ਦਿਲ ਨੂੰ ਨਾ ਰੋਕ।ਰੋ ਲੈਣ ਦੇ ਇਸ ਨੂੰ ਰੱਜ ਕੇ।ਭਿੱਜ ਜਾ, ਗੜੁੱਚ ਹੋ ਜਾ ਇਹਨਾਂ ਅੱਥਰੂਆਂ ਦੇ ਗਰਮ ਜਲ ਵਿਚ।ਵਗ ਲੈਣ ਦੇ ਇਹਨਾਂ ਅੱਥਰੂਆਂ ਦੇ ਸੈਲਾਬ ਨੂੰ।ਧੋ ਲੈ ਆਪਣੀ ਰੂਹ ਨੂੰ ਇਹਨਾਂ ਅੱਥਰੂਆਂ ਨਾਲ।ਖੋਲ ਦੇ ਆਪਣੇ ਦਿਲ ਦੀਆਂ ਸਾਰੀਆਂ ਗੰਢਾਂ।ਤੱਜ ਦੇ ਲੋਕ ਲਾਜ ਨੂੰ।ਆਪਣੇ ਅੱਥਰੂਆਂ ਨਾਲ ਧੋ ਲੈ ਆਪਣਾ ਅੰਤਰਮਨ।ਤਾਰਾ ਸਿੰਘ ਤੇਰੇ ਦਿਲ ਅੰਦਰ ਪਿਛਲੇ ਪੰਜਾਹ ਸਾਲਾਂ ਤੋਂ ਵੱਸਦਾ ਹੈ।ਉਹ ਤੈਨੂੰ ਅੱਜ ਵੀ ਵਿਖਾਲੀ ਦੇ ਗਿਆ ਹੈ।"[14] ਇੰਙ ਵਿਕਟੋਰੀਆ ਰੋਂਦੀ ਹੋਈ ਆਪ ਹੀ ਚੁੱਪ ਹੋ ਜਾਂਦੀ ਹੈ।ਉਹ ਰੋ ਕੇ ਆਪਣਾ ਆਪ ਹੌਲਾ ਕਰ ਲੈਂਦੀ ਹੈ।ਉਸ ਦੇ ਸੱਚੇ-ਸੁੱਚੇ ਪਿਆਰ ਤੇ ਸਤਿਕਾਰ ਦੀ ਭ੍ਰਾਂਤੀ ਜਦੋਂ ਵਾਸਤਵਿਕਤਾ ਨਾਲ ਟਕਰਾਉਂਦੀ ਹੈ ਤਾਂ ਤ੍ਰਾਸਦਿਕ ਸਥਿਤੀ ਉਤਪੰਨ ਹੁੰਦੀ ਹੈ।ਇਸ ਉਪਰੰਤ ਉਹ ਅੰਮ੍ਰਿਤਸਰ ਤੋਂ ਲਖਨਊ ਪਰਤ ਜਾਂਦੀ ਹੈ।ਪਰ ਉਸ ਦਾ ਮਨ ਹਰ ਪਾਸਿਓਂ ਉਚਾਟ ਹੋ ਜਾਂਦਾ ਹੈ।ਨਾਵਲਕਾਰ ਨੇ ਮਨੋਵਿਗਿਆਨਕ ਢੰਗ ਨਾਲ ਆਪਣੀ ਪਾਤਰ ਨੂੰ ਉਸ ਦੀ ਜਟਿਲ ਮਨੋ-ਸਥਿਤੀ ਵਿਚੋਂ ਬਾਹਰ ਕੱਢਣ ਦਾ ਮੁਨਾਸਬ ਢੰਗ ਵਰਤਿਆ ਹੈ।ਇਹ ਸਥਿਤੀ ਅਨੁਸਾਰ ਅਨੁਕੂਲ ਵੀ ਹੈ।ਵਿਕਟੋਰੀਆ ਦਾ ਪੁੱਤਰ ਉਸ ਦੀ ਇਸ ਹਾਲਤ ਨੂੰ ਵੇਖ ਕੇ ਉਸ ਨੂੰ ਸਕੌਟਲੈਂਡ ਲੈ ਜਾਂਦਾ ਹੈ।ਉਥੇ ਉਹ ਆਪਣੇ ਜੱਦੀ ਘਰ ਵਿਚ ਰਹਿੰਦੀ ਹੈ।1900 ਈ. ਤੱਕ ਉਸ ਦੀ ਡਾਇਰੀ ਲਿਖਣ ਦਾ ਜ਼ਿਕਰ ਮਿਲਦਾ ਹੈ।ਆਖਿਰੀ ਲਿਖਤਾਂ ਉਸ ਦੇ ਪੋਤਰੇ ਆਰਥਰ ਬਾਰੇ ਹਨ।

ਹੀਰਿਆਂ ਵਾਲਾ ਕਥਾਨਕ ਬਹੁਤ ਦਿਲਚਸਪ ਹੈ।ਇਹ ਹੀਰੇ ਵਿਕਟੋਰੀਆ ਵੱਲੋਂ ਤਾਰਾ ਸਿੰਘ ਨੂੰ ਦਿੱਤੀ ਸੰਦੂਕੜੀ ਵਿਚੋਂ ਨਿਕਲਦੇ ਹਨ।ਸੰਦੂਕੜੀ ਵਿਚ ਇਕ ਗੁਪਤ ਥਾਂ ਵਿਚੋਂ ਮਿਲੇ ਹੀਰੇ 'ਮੈਂ' ਪਾਤਰ ਲਈ ਅਚੰਭੇ ਵਾਲੀ ਸਥਿਤੀ ਪੈਦਾ ਕਰ ਦਿੰਦੇ ਹਨ।ਉਹ ਆਪਣੀ ਬੈਂਕ ਵਿਚ ਹੀਰੇ ਦੇ ਮਾਹਿਰ ਨੂੰ ਬੁਲਾ ਕੇ ਉਨ੍ਹਾਂ ਦੀ ਪਰਖ ਕਰਵਾਉਂਦਾ ਹੈ।ਅੰਤਰਰਾਸ਼ਟਰੀ ਬਾਜ਼ਾਰ ਵਿਚ ਕਰੋੜਾਂ ਦੀ ਕੀਮਤ ਵਾਲੇ ਪੰਜ ਹੀਰੇ ਵੀ ਉਸ ਨੂੰ ਆਪਣੇ ਇਖ਼ਲਾਕ ਤੋਂ ਡੇਗਣ ਵਿਚ ਨਾਕਾਮ ਰਹਿੰਦੇ ਹਨ।ਉਹ ਬੀਬੀ ਜੀ ਨੂੰ ਮਿਲ ਕੇ ਹੀਰੇ ਵਾਪਸ ਕਰਨ ਲਈ ਬੇਤਾਬ ਹੈ।ਇਸ ਲਈ ਹੱਥਲੇ ਨਾਵਲ ਦੇ ਲੋਕ-ਅਰਪਨ ਉੱਪਰ ਬੀਬੀ ਜੀ ਨੂੰ ਭਾਰਤ ਆਉਣ ਦਾ ਸੱਦਾ ਦਿੰਦਾ ਹੈ।ਇੰਙ ਉਹ ਉਨ੍ਹਾਂ ਨਾਲ ਮਿਲ ਕੇ ਨਾਵਲ ਲੋਕ ਅਰਪਨ ਕਰਦਾ ਹੈ।ਉਹ ਬੀਬੀ ਜੀ ਨੂੰ ਸੰਦੂਕੜੀ ਵਿਚੋਂ ਨਿਕਲੇ ਪੰਜ ਹੀਰੇ ਵੀ ਦਿੰਦਾ ਹੈ।ਬੀਬੀ ਜੀ ਤੇ ਪੂਰਾ ਕਾਬੁਲੀ ਪਰਿਵਾਰ ਲੇਖਕ ਦਾ ਸ਼ੁਕਰਗੁਜ਼ਾਰ ਹੁੰਦਾ ਹੈ।ਪਰ ਵਾਪਸ ਜਾਣ ਲੱਗੇ ਉਹ ਲੇਖਕ ਨੂੰ ਤਾਰਾ ਸਿੰਘ ਦੀ ਡਾਇਰੀ ਤੇ ਸੰਦੂਕੜੀ ਵਾਪਸ ਕਰ ਜਾਂਦੇ ਹਨ।ਉਹ ਦੋ ਹੀਰੇ ਵੀ ਨਾਵਲਕਾਰ ਨੂੰ ਵਾਪਸ ਦੇ ਦਿੰਦੇ ਹਨ।ਇਸ ਉਪਰੰਤ ਨਾਵਲਕਾਰ ਦਿੱਲੀ ਵਿਖੇ ਉਸ ਪ੍ਰੋਫ਼ੈਸਰ ਨੂੰ ਵੀ ਨਾਵਲ ਦੀ ਕਾਪੀ ਭੇਂਟ ਕਰਦਾ ਹੈ ਜਿਸ ਦੀ ਮਦਦ ਨਾਲ ਉਹ ਫ਼ਾਰਸੀ ਤੋਂ ਅੰਗਰੇਜ਼ੀ ਵਿਚ ਉਲਥਾ ਕੇ ਡਾਇਰੀਆਂ ਨੂੰ ਪੜ੍ਹਨ ਵਿਚ ਸਫ਼ਲ ਹੋਇਆ ਸੀ।ਇੰਙ ਬਿਰਤਾਂਤਕਾਰ ਰਚਨਾ-ਪ੍ਰਕਿਰਿਆ ਵਿਚੋਂ ਬਾਹਰ ਵਿਚਰਦਾ ਹੋਇਆ ਨਾਵਲ ਦੀ ਰੋਚਕਤਾ ਵਿਚ ਵਾਧਾ ਕਰਦਾ ਹੈ।

ਨਾਵਲਕਾਰ ਨੂੰ ਆਪਣੇ ਵਿਰਸੇ ਵਿਚ ਡਾਇਰੀ ਦੀ ਅਹਿਮੀਅਤ ਘੱਟ ਹੋਣ ਬਾਰੇ ਨਿਰਾਸ਼ਾ ਹੈ।ਇਸ ਪੱਖੋਂ ਨਾਵਲਕਾਰ ਦੀ ਇਹ ਟਿੱਪਣੀ ਧਿਆਨਯੋਗ ਹੈ,"ਲਿਖਿਆ ਲਫ਼ਜ਼ ਸਮੇਂ ਦੇ ਪ੍ਰਕੋਪ ਤੋਂ ਕਾਫ਼ੀ ਹੱਦ ਤੱਕ ਬਚਿਆ ਰਹਿੰਦਾ

ਹੈ।ਯੋਰਪ ਦੇ ਵਸਨੀਕਾਂ ਦੀ ਇਕ ਆਦਤ ਅਜੇਹੀ ਹੈ ਜਿਸ ਦਾ ਫ਼ਾਇਦਾ ਉਹਨਾਂ ਦੇ ਦੁਨੀਆਂ ਛੱਡ ਜਾਣ ਉਪਰੰਤ ਵੀ ਹੁੰਦਾ ਰਹਿੰਦਾ ਹੈ।ਇਹ ਇਹਨਾਂ ਦੀ ਡਾਇਰੀ ਲਿਖਣ ਦੀ ਆਦਤ ਹੈ।ਸਦੀਆਂ ਬੀਤ ਜਾਣ ਦੇ ਬਾਅਦ ਵੀ ਉਸ ਵੇਲੇ ਦੇ ਯੋਰਪੀਆਂ ਦੀਆਂ ਲਿਖਤਾਂ ਅਤੇ ਨਿੱਜੀ ਡਾਇਰੀਆਂ ਅੱਜ ਵੀ ਸਾਨੂੰ ਉਸ ਵੇਲੇ ਦੇ ਸਮੇਂ ਬਾਰੇ ਅਤੇ ਉਸ ਵੇਲੇ ਦੀਆਂ ਘਟਨਾਵਾਂ ਬਾਰੇ ਵੇਰਵੇ ਨਾਲ ਦੱਸਦੀਆਂ ਹਨ।ਪੁਰਾਤਨ ਹਿੰਦੁਸਤਾਨ ਬਾਰੇ ਵੀ ਸਾਨੂੰ ਸਦੀਆਂ ਪਹਿਲੋਂ ਬਾਹਰ ਦੇ ਦੇਸ਼ਾਂ ਤੋਂ ਆਏ ਯਾਤਰੀਆਂ ਦੇ ਲਿਖੇ ਸਫ਼ਰਨਾਮਿਆਂ ਤੋਂ ਬੜਾ ਕੁਝ ਪਤਾ ਲੱਗਦਾ ਹੈ।ਚੀਨ ਤੋਂ ਆਇਆ ਹਿਊਨਸਾਂਗ ਇਕ ਉਦਾਹਰਨ ਹੈ।ਬਾਬਰ ਦਾ ਆਪਣੇ ਹੱਥੀਂ ਲਿਖਿਆ ਬਾਬਰਨਾਮਾ ਇਸ ਦੀ ਇਕ ਮਿਸਾਲ ਹੈ।ਏਸੇ ਤਰ੍ਹਾਂ ਸਾਨੂੰ ਦੋ ਸਦੀਆਂ ਪਹਿਲਾਂ ਹੋਏ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਾਰੇ ਜਾਣਕਾਰੀ ਵੀ ਬਹੁਤਾ ਕਰਕੇ ਯੋਰਪੀਆਂ ਦੀਆਂ ਛੱਡੀਆਂ ਲਿਖਤਾਂ ਤੋਂ ਹੀ ਮਿਲਦੀ ਹੈ ਜਾਂ ਮਹਾਰਜੇ ਦੇ ਦਰਬਾਰ ਦੇ ਮੁਸਲਮਾਨ ਅਹੁਦੇਦਾਰਾਂ ਦੀਆਂ ਫ਼ਾਰਸੀ ਵਿਚ ਲਿਖੀਆਂ ਲਿਖਤਾਂ ਤੋਂ।ਸਾਡੇ ਆਪਣੇ ਲੋਕਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੋਈ ਖਾਸ ਲ਼ਿਖਤੀ ਜਾਣਕਾਰੀ ਨਹੀਂ ਛੱਡੀ।ਲਿਖਣ ਤੋਂ ਕਤਰਾਉਣਾ ਜਿਵੇਂ ਸਾਨੂੰ ਵਿਰਸੇ ਵਿਚ ਮਿਲਿਆ ਹੈ।ਜੇ ਕਿਸੇ ਨੇ ਲਿਖਿਆ ਹੈ ਤਾਂ ਛੰਦਾਂ ਜਾਂ ਕਬਿੱਤਾਂ ਵਿਚ।ਵਾਰਤਕ ਵਿਚ ਸਿੱਧੀ ਤਰ੍ਹਾਂ ਆਮ ਬੋਲੀ ਅਤੇ ਮੁਹਾਵਰੇ ਵਿਚ ਬਿਆਨੀ ਤੱਥਾਂ ਨਾਲ ਲਿਖੀ ਗੱਲ ਬਹੁਤ ਘੱਟ ਵੇਖਣ ਵਿਚ ਆਉਂਦੀ ਹੈ।"[15]

ਹੱਥਲੇ ਨਾਵਲ ਦਾ ਇਤਿਹਾਸਕ ਪੱਖਾਂ ਤੋਂ ਵਿਸ਼ੇਸ਼ ਮਹੱਤਵ ਹੈ।ਇਸ ਲਈ ਸਾਨੂੰ ਪੰਜਾਬੀ ਗਲਪਕਾਰ ਡਾ. ਸਵਿੰਦਰ ਸਿੰਘ ਉੱਪਲ ਦੀ ਇਤਿਹਾਸਕ ਨਾਵਲ ਬਾਰੇ ਇਸ ਟਿੱਪਣੀ ਨੂੰ ਧਿਆਨ ਵਿਚ ਰੱਖਣਾ ਪਵੇਗਾ,"ਇਤਿਹਾਸਕ ਗਲਪਕਾਰ ਦੀ ਸਫ਼ਲਤਾ ਦਾ ਅਸਲੀ ਰਾਜ਼ ਉਸ ਦੀ ਆਪਣੀ ਰਚਨਾ ਵਿਚ ਢੁਕਵਾਂ ਇਤਿਹਾਸਕ ਵਾਤਾਵਰਨ ਪੇਸ਼ ਕਰ ਸਕਣ ਵਿਚ ਹੈ।ਵਾਤਾਵਰਨ ਦਾ ਸੰਬੰਧ ਹਮੇਸ਼ਾਂ ਕਲਾ-ਕਿਰਤ ਦੇ ਵਿਸ਼ੇ ਨਾਲ ਹੁੰਦਾ ਹੈ ਅਤੇ ਇਹਨਾਂ ਤਿੰਨਾਂ ਨਾਲ ਸੰਬੰਧਤ ਜਿਤਨਾ ਫਬਵਾਂ ਇਤਿਹਾਸਕ ਵਾਤਾਵਰਨ ਨਾਵਲਕਾਰ ਪੇਸ਼ ਕਰ ਸਕੇਗਾ ਉਤਨਾ ਹੀ ਜ਼ਿਆਦਾ ਉਹ ਸਫ਼ਲ ਗਲਪਕਾਰ ਮੰਨਿਆ ਜਾਵੇਗਾ।[16] ਡਾ. ਉੱਪਲ ਦੀ ਇਸ ਟਿੱਪਣੀ ਦੇ ਮੱਦੇ ਨਜ਼ਰ ਜਦੋਂ ਅਸੀਂ ਨਾਵਲਕਾਰ ਗੁਰਨਾਮ ਸਿੰਘ ਦੀ ਹੱਥਲੀ ਰਚਨਾ ਨੂੰ ਵਾਚਦੇ ਹਾਂ ਤਾਂ ਕਈ ਹਾਂ ਪੱਖੀ ਨਤੀਜੇ ਸਾਹਮਣੇ ਆਉਂਦੇ ਹਨ।ਉਸ ਨੇ ਮਿਤੀਆਂ, ਨਾਵਾਂ, ਥਾਵਾਂ, ਘਟਨਾਵਾਂ ਆਦਿ ਨੂੰ ਕਲਾਤਮਿਕਤਾ ਤੇ ਗੰਭੀਰਤਾ ਨਾਲ ਪੇਸ਼ ਕੀਤਾ ਹੈ।ਤਾਰਾ ਸਿੰਘ ਦਾ ਸਮਾਂ ਮਹਾਂਰਾਜਾ ਰਣਜੀਤ ਸਿੰਘ, ਅੰਗਰੇਜ਼ਾਂ ਅਤੇ ਅਫ਼ਗਾਨੀਆਂ ਦਾ ਘਟਨਾਵਾਂ ਭਰਪੂਰ ਸਮਾਂ ਸੀ।ਇਸ ਲਈ ਨਾਵਲਕਾਰ ਨੇ ਤਾਰਾ ਸਿੰਘ ਦੀਆਂ ਡਾਇਰੀਆਂ ਦੇ ਵੇਰਵਿਆਂ ਨੂੰ ਇਤਿਹਾਸਕ ਤੱਥਾਂ ਸਹਿਤ ਵਾਚਣ ਦਾ ਉਪਰਾਲਾ ਕੀਤਾ ਹੈ।ਇਸ ਦਾ ਪ੍ਰਮਾਣ ਉਸ ਵੱਲੋਂ ਰਚਨਾ ਦੇ ਅਖੀਰ ਵਿਚ ਪੇਸ਼ ਪੁਸਤਕਾਂ ਦੇ ਹਵਾਲਿਆਂ ਤੋਂ ਮਿਲ ਜਾਂਦਾ ਹੈ।ਲੇਖਕ ਨੇ ਸਿੱਖ ਇਤਿਹਾਸ ਦੀਆਂ ਵੱਖੋ- ਵੱਖਰੀਆਂ ਪੁਸਤਕਾਂ ਅਤੇ ਇੰਟਰਨੈੱਟ ਹਵਾਲਿਆਂ ਨੂੰ ਵੀ ਆਪਣੀ ਰਚਨਾ ਦਾ ਆਧਾਰ ਬਣਾਇਆ ਹੈ।ਇਸ ਲਈ ਕਹਿ ਸਕਦੇ ਹਾਂ ਕਿ ਇਹ ਨਾਵਲ ਡਾਇਰੀ ਦੀ ਪੜ੍ਹਤ ਦੇ ਨਾਲ-ਨਾਲ ਇਤਿਹਾਸ ਦੀ ਖੋਜ ਉੱਪਰ ਵੀ ਆਧਾਰਿਤ ਹੈ।ਮਹਾਰਾਜਾ ਰਣਜੀਤ ਸਿੰਘ ਮਗਰੋਂ ਉਸ ਦੇ ਰਾਜ-ਭਾਗ ਦੀ ਹਾਲਤ ਨੂੰ ਬਾਖ਼ੂਬੀ ਪੇਸ਼ ਕੀਤਾ

ਗਿਆ ਹੈ।ਮਿਸਾਲ ਵਜੋਂ ਇਹ ਪ੍ਰਸੰਗ ਵਰਨਣਯੋਗ ਹੈ,"ਮਹਾਰਾਜੇ ਨੂੰ ਅੱਖਾਂ ਮੀਟਿਆਂ ਹਾਲੀ ਸਵਾ ਚਾਰ ਮਹੀਨੇ ਹੀ ਹੋਏ ਸਨ ਜਦ ਧਿਆਨ ਸਿੰਘ ਨੇ ਸਾਜਿਸ਼ ਕਰਕੇ ਇਕ ਰਾਤ ਖੜਕ ਸਿੰਘ ਦੇ ਮਹਿਲ ਵਿਚ ਆਪਣਿਆਂ ਆਦਮੀਆਂ ਨਾਲ ਦਾਖ਼ਲ ਹੋ ਕੇ ਖੜਕ ਸਿੰਘ ਨੂੰ ਫੜ੍ਹ ਲਿਆ ਅਤੇ ਚੇਤ ਸਿੰਘ ਨੂੰ ਕਤਲ ਕਰ ਦਿੱਤਾ।ਖੜਕ ਸਿੰਘ ਨੂੰ ਕੈਦ ਕਰ ਲਿਆ ਗਿਆ।ਖੜਕ ਸਿੰਘ ਦਾ ਪੁੱਤਰ ਨੌਨਿਹਾਲ ਸਿੰਘ, ਧਿਆਨ ਸਿੰਘ ਦੀ ਮਦਦ ਨਾਲ ਰਾਜ ਚਲਾਉਣ ਲੱਗ ਪਿਆ।ਖੜਕ ਸਿੰਘ ਨੂੰ ਕੈਦ ਵਿਚ ਹੌਲੀ-ਹੌਲੀ ਜ਼ਹਿਰ ਦਿੱਤਾ ਗਿਆ।ਇਕ ਮਹੀਨੇ ਦੇ ਅੰਦਰ ਹੀ ਉਹ ਕੈਦ ਵਿਚ ਹੀ ਮਰ ਗਿਆ।ਉਸੇ ਦਿਨ ਹੀ ਲਾਹੌਰ ਵਿਚ ਉਸ ਦਾ ਸਸਕਾਰ ਕਰ ਦਿੱਤਾ ਗਿਆ। ਉਸ ਰਾਤ ਹੀ ਨੌਨਿਹਾਲ ਸਿੰਘ ਵੀ ਮਰ ਗਿਆ।ਉਸ ਤੋਂ ਬਾਅਦ ਮਹਾਰਾਜੇ ਦਾ ਦੂਸਰਾ ਪੁੱਤਰ ਸ਼ੇਰ ਸਿੰਘ ਗੱਦੀ ਤੇ ਬੈਠਾ। ਪਰ ਉਸ ਦੇ ਵੀ ਰਾਜਿਆਂ ਵਾਲੇ ਕੋਈ ਲੱਲ ਨਹੀਂ ਹਨ।ਰਾਜਕਾਜ ਦਾ, ਪਰਜਾ ਦਾ ਅਤੇ ਰਿਆਇਆ ਦਾ ਕੋਈ ਫ਼ਿਕਰ ਨਹੀਂ ਹੈ।ਮੁਲਕ ਨੂੰ ਸੰਭਾਲਣ ਵੱਲ ਕੋਈ ਧਿਆਨ ਨਹੀਂ ਹੈ।ਅੰਗ੍ਰੇਜ਼ਾਂ ਨੇ ਆਪਣੀ ਫ਼ਿਰੋਜ਼ਪੁਰ ਵਾਲੀ ਛਾਉਣੀ ਵੱਡੀ ਕਰ ਲਈ ਹੈ।ਇਸ ਛਾਉਣੀ ਤੋਂ ਉਹ ਪੰਜਾਬ ਤੇ ਆਪਣੀ ਮਾੜੀ ਨਿਗਾਹ ਗੱਡੇ ਹੋਏ ਹਨ।ਸੂਹਾਂ ਲੈਂਦੇ ਰਹਿੰਦੇ ਹਨ। ਜਦੋਂ ਮਹਾਰਾਜਾ ਸਵਰਗ ਸਿਧਾਰਿਆ ਸੀ ਓਦੋਂ ਸਾਨੂੰ ਸਾਰਿਆਂ ਨੂੰ ਲੱਗਾ ਸੀ ਕਿ ਸਾਡੇ ਹਿਰਦਿਆਂ ਦਾ ਸਿਰਤਾਜ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਮਰਿਆ ਹੈ।ਪਰ ਹੁਣ ਲੱਗਦਾ ਹੈ, ਅਸੀਂ ਗਲਤ ਸਾਂ।ਰਣਜੀਤ ਸਿੰਘ ਨਹੀਂ ਮਰਿਆ ਸੀ, ਪੰਜਾਬ ਦਾ ਅਤੇ ਪੰਜਾਬੀਆਂ ਦਾ ਪਿਓ ਮਰਿਆ ਸੀ।"[17] ਇਸ ਤੋਂ ਇਲਾਵਾ ਫ਼ੌਜਾਂ ਦੇ ਮੁਹਿੰਮ ਉੱਪਰ ਜਾਣ ਤੇ ਵਾਪਸ ਆਉਣ ਦੇ ਹਵਲੇ ਵੀ ਤਿਥੀਆਂ ਤੇ ਸਾਲਾਂ ਦੇ ਨਾਵਾਂ ਸਹਿਤ ਪੇਸ਼ ਹੋਏ ਹਨ।ਮਹਾਰਾਜਾ ਸ਼ੇਰ ਸਿੰਘ, ਮਹਾਰਾਣੀ ਚੰਦ ਕੌਰ ਤੇ ਉਸ ਦੇ ਹਮਾਇਤੀ ਸੰਧਾਵਾਲੀਏ ਸਰਦਾਰ, ਡੋਗਰੇ ਭਰਾ ਧਿਆਨ ਸਿੰਘ ਤੇ ਗੁਲਾਬ ਸਿੰਘ, ਲਾਲ ਸਿੰਘ ਅਤੇ ਤੇਜ ਸਿੰਘ ਦਰਮਿਆਨ ਵਿਆਪੇ ਸੰਕਟ ਨੂੰ ਵੀ ਨਾਵਲ ਵਿਚ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ।10 ਫ਼ਰਵਰੀ 1846 ਨੂੰ ਸਭਰਾਵਾਂ ਦੀ ਵੱਡੀ ਲੜਾਈ ਸਮੇਂ ਤੇਜ ਸਿੰਘ ਤੇ ਲਾਲ ਸਿੰਘ ਦੇ ਅੰਗਰੇਜ਼ਾਂ ਨਾਲ ਮਿਲ ਜਾਣ ਅਤੇ ਡੋਗਰੇ ਗੁਲਾਬ ਸਿੰਘ ਵੱਲੋਂ ਧੋਖੇ ਨਾਲ ਜੰਮੂ ਦਾ ਮਹਾਰਾਜਾ ਬਣ ਜਾਣ ਦੇ ਤੱਥ ਸਾਹਮਣੇ ਆਉਂਦੇ ਹਨ।ਮਹਾਰਾਣੀ ਜਿੰਦਾਂ ਦੇ ਭੇਸ ਬਦਲ ਕੇ ਚੁਨਾਰ ਦੇ ਕਿਲੇ ਵਿਚੋਂ ਨਿਕਲ ਕੇ ਨੇਪਾਲ ਵਿਚ ਸ਼ਰਨ ਲੈਣ ਦਾ ਬਿਰਤਾਂਤ ਵੀ ਉਸ ਇਤਿਹਾਸਕ ਘਟਨਾ ਨੂੰ ਰੂਪਮਾਨ ਕਰਦਾ ਹੈ।1848 ਵਿਚ ਡਲਹੌਜ਼ੀ ਨੂੰ ਈਸਟ ਇੰਡੀਆ ਕੰਪਨੀ ਦਾ ਮੁਖੀ ਥਾਪਣਾ ਇਕ ਹੋਰ ਮਹਾਨ ਇਤਿਹਾਸਕ ਘਟਨਾਂ ਹੈ।ਕਿਉਂਕਿ ਉਸ ਦੇ ਆਉਣ ਮਗਰੋਂ ਈਸਟ ਇੰਡੀਆ ਕੰਪਨੀ ਰਾਹੀਂ ਵੱਧ ਤੋਂ ਵੱਧ ਭਾਰਤੀ ਰਿਆਸਤਾਂ ਨੂੰ ਕਬਜ਼ਾਉਣ ਦਾ ਆਰੰਭ ਹੋਇਆ ਸੀ।ਸਤਾਰਾ, ਝਾਂਸੀ, ਨਾਗਪੁਰ, ਸੰਭਲਪੁਰ ਅਤੇ ਪੰਜਾਬ ਨੂੰ ਉਸ ਨੇ ਹੀ ਕੰਪਨੀ ਅਧੀਨ ਕੀਤਾ ਸੀ।1856 ਵਿਚ ਅਵਧ ਦੇ ਨਵਾਬ ਵਾਜਿਦ ਅਲੀ ਸ਼ਾਹ ਉੱਪਰ ਬਦ ਇੰਤਜ਼ਾਮੀ ਦਾ ਇਲਜ਼ਾਮ ਲਗਾ ਕੇ ਅਵਧ ਨੂੰ ਕੰਪਨੀ ਦੇ ਅਧੀਨ ਕਰ ਲਿਆ ਸੀ।1857 ਵਿਚ ਮੇਰਠ, ਕਾਨਪੁਰ, ਲਖਨਊ ਵਿਖੇ ਅੰਗਰੇਜ਼ਾਂ ਖ਼ਿਲਾਫ਼ ਬਗਾਵਤ ਦਾ ਵੀ ਜ਼ਿਕਰ ਮਿਲਦਾ ਹੈ।ਇਸ ਆਜ਼ਾਦੀ ਦੀ ਲੜਾਈ ਨੂੰ ਅੰਗਰੇਜ਼ਾਂ ਨੇ ਸਖਤੀ ਨਾਲ

ਕੁਚਲ ਦਿੱਤਾ ਸੀ।ਸ਼ਾਹ ਸ਼ੁਜਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਕੋਹੇਨੂਰ ਹੀਰਾ ਦੇਣ ਦਾ ਜ਼ਿਕਰ ਇਤਿਹਾਸਕ ਨਜ਼ਰੀਏ ਤੋਂ ਮਹੱਤਵਪੂਰਨ ਜਾਣਕਾਰੀ ਹੈ।

ਨਾਵਲ 'ਤਾਰਾ ਸਿੰਘ ਕਾਬੁਲੀ' ਦੀ ਰਚਨਾ ਚੇਤਨਾ ਪ੍ਰਵਾਹ ਦੀ ਸ਼ੈਲੀ ਵਿਚ ਹੋਈ ਹੈ।ਕਥਾਨਕ ਤਾਰਾ ਸਿੰਘ ਤੇ ਵਿਕਟੋਰੀਆਂ ਦੀਆਂ ਡਾਇਰੀਆਂ ਦੇ ਨਾਲ-ਨਾਲ ਉੱਤਮ-ਪੁਰਖੀ ਪਾਤਰ ਤੇ ਬੀਬੀ ਜੀ ਦੇ ਪਰਿਵਾਰ ਵਿਚ ਵਿਚਰਦਾ ਹੈ।ਕਈ ਵਾਰ ਵੇਰਵਿਆਂ ਵਿਚ ਦੁਹਰਾਉ ਦੀ ਅਕਾਊਂ ਸਥਿਤੀ ਪੈਦਾ ਹੁੰਦੀ ਹੈ।ਪਰ ਇਹ ਨਾਇਕ ਤਾਰਾ ਸਿੰਘ ਦੇ ਕਿਰਦਾਰ ਨੂੰ ਉਭਾਰਨ ਲਈ ਜ਼ਰੂਰੀ ਜਾਪਦਾ ਹੈ।ਦੁਹਰਾਉ ਦੀਆਂ ਸਥਿਤੀਆਂ ਵਿਚੋਂ ਉਸ ਦੇ ਸੁਭਾਅ ਦੇ ਲੱਛਣ ਹੋਰ ਦ੍ਰਿੜ ਹੁੰਦੇ ਹਨ।ਇੰਝ ਇਹ ਨਾਵਲੀ ਕਥਾਨਕ ਹੋਰ ਗੰਭੀਰ ਬਣਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਇਕ ਤਰ੍ਹਾਂ ਦੀ ਪੈਰਾ ਟੈਕਸਟ ਹੈ।ਤਾਰਾ ਸਿੰਘ ਤੇ ਵਿਕਟੋਰੀਆ ਸਕੌਟ ਦੀਆਂ ਡਾਇਰੀਆਂ ਦੀ ਪੜ੍ਹਤ ਦੇ ਆਧਾਰ ਉੱਪਰ ਉਸਰੀ ਹੋਈ ਰਚਨਾ।ਦੋਵਾਂ ਦਾ ਆਪੋ -ਆਪਣਾ ਅਨੁਭਵ। ਕਮਾਂਡਰ ਗੁਰਨਾਮ ਸਿੰਘ ਇਕ ਦੂਰ ਦ੍ਰਿਸ਼ਟੀ ਵਾਲਾ ਨਾਵਲਕਾਰ ਹੈ।ਉਹ ਨਾਵਲੀ ਰਚਨਾ ਦੇ ਆਦਿ, ਮੱਧ ਜਾਂ ਅੰਤ ਦੇ ਪਰੰਪਰਕ ਗੇੜ ਵਿਚ ਨਹੀਂ ਪੈਂਦਾ।ਉਹ ਡਾਇਰੀਆਂ ਦੀ ਪੜ੍ਹਤ ਦੇ ਅਨੁਭਵ ਨੂੰ ਲੰਮੇ ਸਮੇਂ ਵਿਚ ਵਿਸਤਾਰਦਾ ਹੈ।ਉਹ ਆਪਣੇ ਅਨੁਭਵ ਰਾਹੀਂ ਤਾਰਾ ਸਿੰਘ ਦੇ ਇਤਿਹਾਸਕ ਕਿਰਦਾਰ ਨੂੰ ਉਜਾਗਰ ਕਰਨ ਲਈ ਜਤਨਸ਼ੀਲ ਹੈ।ਨਾਵਲਕਾਰ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਉਸ ਨੇ ਈਮਾਨਦਾਰੀ ਨਾਲ ਦੋਵਾਂ ਦੀਆਂ ਡਾਇਰੀਆਂ ਨੂੰ ਨਾਵਲ ਦਾ ਰੂਪ ਦੇਣ ਦਾ ਜਤਨ ਕੀਤਾ ਹੈ।ਇਸ ਬਿਰਤਾਂਤ ਨੂੰ ਇਤਿਹਾਸ ਨਾਲ ਜੋੜ ਕੇ ਪੇਸ਼ ਕੀਤਾ ਹੈ।ਇਸ ਦੇ ਬਾਵਜੂਦ ਪਾਠਕ ਲਈ ਰੌਚਕ ਰਚਨਾ ਵੀ ਬਣਾਇਆ ਹੈ।ਢੁੱਕਵੇ ਮੁਹਾਵਰਿਆਂ ਤੇ ਅਖਾਣਾਂ ਨਾਲ ਨਾਵਲਕਾਰ ਨੇ ਬਿਰਤਾਂਤ ਨੂੰ ਹਲਕਾ-ਫੁਲਕਾ ਰੱਖਣ ਦੀ ਕੋਸ਼ਿਸ਼ ਕੀਤੀ ਹੈ।ਨਾਵਲ ਵਿਚ ਉਸ ਸਮੇਂ ਨੂੰ ਦਰਸਾਉਂਦੀਆਂ ਤਸਵੀਰਾਂ ਵੀ ਸੰਚਾਰ ਪੱਖੋਂ ਮਹੱਤਵਪੂਰਨ ਹਨ।ਇਹ ਨਾਵਲ ਦੀ ਇਤਿਹਾਸਕ ਅਹਿਮੀਅਤ ਨੂੰ ਹੋਰ ਵਧਾਉਂਦੀਆਂ ਹਨ।ਇਸ ਨਾਵਲ ਦੀ ਸ਼ੈਲੀ ਸੰਬੋਧਨੀ ਸ਼ੈਲੀ ਹੈ।ਨਾਵਲਕਾਰ ਕਈ ਥਾਈਂ ਆਪਣੇ ਪਾਠਕਾਂ ਨੂੰ 'ਮੇਰੇ ਸੋਹਣੇ ਅਤੇ ਸਿਆਣੇ ਪਾਠਕੋ' ਤੇ ਸੂਝਵਾਨ ਪਾਠਕ' ਕਹਿ ਕੇ ਸੰਬੋਧਨ ਕਰਦਾ ਹੈ।ਪੰਜਾਬੀ ਇਤਿਹਾਸਕ ਨਾਵਲ ਵਿਚ ਨਾਵਲ 'ਤਾਰਾ ਸਿੰਘ ਕਾਬੁਲੀ' ਦਾ ਇਕ ਵਿਸ਼ੇਸ਼ ਸਥਾਨ ਹੈ।

**ਹਵਾਲੇ**


1 ਕਮੋਡੋਰ ਗੁਰਨਾਮ ਸਿੰਘ, ਤਾਰਾ ਸਿੰਘ ਕਾਬੁਲੀ, ਲਾਹੌਰ ਬੁਕਸ, ਲੁਧਿਆਣਾ, ਪੰਨਾ 60

2 ਉਹੀ ਪੰਨਾ 69

3 ਉਹੀ ਪੰਨਾ 78

4 ਉਹੀ ਪੰਨਾ 79

5 ਉਹੀ ਪੰਨਾ 267

6 ਉਹੀ ਪੰਨਾ 274-275

7 ਉਹੀ ਪੰਨਾ 99

8 ਉਹੀ ਪੰਨਾ 101

9 ਉਹੀ ਪੰਨਾ 110

10 ਉਹੀ ਪੰਨਾ 179-180

11 ਉਹੀ ਪੰਨਾ 176

12 ਉਹੀ ਪੰਨਾ 245

13 ਉਹੀ ਪੰਨਾ 239

14 ਉਹੀ ਪੰਨਾ 307

15 ਉਹੀ ਪੰਨਾ 224

16 ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਨਾਵਲ ਵਿਧੀ ਤੇ ਵਿਚਾਰ, ਪੰਨਾ 50

17 ਕਮੋਡੋਰ ਗੁਰਨਾਮ ਸਿੰਘ, ਤਾਰਾ ਸਿੰਘ ਕਾਬੁਲੀ, ਲਾਹੌਰ ਬੁਕਸ, ਲੁਧਿਆਣਾ, ਪੰਨਾ 252-253